ੴ

ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

ਜਦੋਂ ਸਿੰਘਾਂ ਦੇ ਸਿਰਾਂ ਦਾ ਅੱਸੀ ਅੱਸੀ ਰੁਪਏ ਮੁੱਲ ਪੈਂਦਾ ਸੀ

June 1979

ਜੂ



ਮਨੂੰ ਅਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ ॥
ਜਿਉਂ ਜਿਉਂ ਮਨੂੰ ਵਢਦਾ, ਅਸੀਂ ਦੂਣ ਸਵਾਏ ਹੋਏ ॥

www.AKJ.Org

ਡੀ. ਪੀ. ਆਈ ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ (੧੭-੧੦-੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ ।

# ਤ ਤ ਕ ਰਾ


| | | |
|---|---|---|
| ਅਦੁੱਤੀ ਸ਼ਹੀਦੀ ਸਾਕਾ | ਭਾਈ ਸਾਹਿਬ ਰਣਧੀਰ ਸਿੰਘ ਜੀ | ੩ |
| ਇਸ਼ਕ ਦੀ ਖੇਡ (ਕਵਿਤਾ) | ਸ. ਵਿਧਾਤਾ ਸਿੰਘ ਜੀ ਤੀਰ | ੬ |
| ਗੁਰਬਾਣੀ ਵਿਚਾਰ — ਗੁਰਬਾਣੀ ਅਨੁਭਵ | ਖੋਜੀ ਜੀ | ੭ |
| ਅੰਤਲੇ ਦਿਨਾਂ ਵਿਚ ਬੱਚਿਆਂ ਦੇ ਨਾਮ ਸੰਦੇਸ਼ | ਪ੍ਰਿੰਸੀਪਲ ਨਿਰੰਜਨ ਸਿੰਘ ਜੀ | ੧੦ |
| ਕਲਿਜੁਗ ਕੀ ਸੁਣ ਸਾਧਨਾ | ਪ੍ਰਿੰਸੀਪਲ ਗੁਰਮੁਖ ਸਿੰਘ ਜੀ | ੧੧ |
| ਜੀਵਨ ਕਥਾ ਗੁਰੂ ਅਮਰਦਾਸ ਜੀ (੩) | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੧੫ |
| ਬਾਬੇ ਨੇ ਇਉਂ ਆਖਿਆ (ਬੱਚਿਆਂ ਲਈ) | ਪ੍ਰੋ: ਹਰਬੰਸ ਸਿੰਘ ਜੀ | ੨੨ |
| ਨਕਲੀ ਨਿਰੰਕਾਰੀਆਂ ਦੀ 'ਅਵਤਾਰ ਬਾਣੀ' | ਸ: ਅਵਤਾਰ ਸਿੰਘ ਜੀ | ੨੬ |
| ਨਕਲੀ ਨਿਰੰਕਾਰੀ ਬਾਬੇ ਨੂੰ ਚਿੱਠੀ (ਕਵਿਤਾ) | ਸ: ਮਹਿੰਦਰ ਸਿੰਘ ਭੰਵਰਾ | ੩੨ |
| ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬੇਅਦਬ ਦੋਸੀਆਂ ਨੂੰ ਫਾਂਸੀ ਲਾਓ | ਸ: ਅਮਰ ਸਿੰਘ ਦੁਸਾਂਝ | ੩੩ |
| ਨੌਜਵਾਨ ਗੁਰਦੁਆਰੇ ਨਾਲ ਕਿਵੇਂ ਜੁੜਨ ? | ਸ: ਜਤਿੰਦਰਪਾਲ ਸਿੰਘ ਜੀ | ੩੪ |
| ਸ੍ਰੀ ਗੁਰੂ ਅਰਜਨ ਦੇਵ ਜੀ — ਜੀਵਨ ਇਕ ਨਜ਼ਰ ਵਿਚ | — | ੩੬ |
| ਸ੍ਰੀ ਗੁਰੂ ਅਰਜਨ ਦੇਵ ਜੀ — ਭੱਟਾਂ ਦੀਆਂ ਨਜ਼ਰਾਂ ਵਿਚ | — | ੩੭ |
| ਮਤਾ ਨੰਬਰ ੧੫ ਦਾ ਪਿਛੋਕੜ | ਭਾਈ ਸਾਹਿਬ ਰਾਮ ਸਿੰਘ ਜੀ | ੩੯ |


## *ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਅਵਤਾਰ ਧਾਰਿਆ ੧੧ ਜੂਨ*

**ਸ਼ਬਦ ਗੁਰ ਪੀਰਾ** —ਭਾਈ ਸਾਹਿਬ ਰਣਧੀਰ ਸਿੰਘ ਲਿਖਤ :—ਸ੍ਰੀ ਗੁਰੂ ਗ੍ਰੰਥ ਸਾਹਿਬ ਜਾਗਤ ਜੋਤਿ ਕਲਾ ਸੰਪੰਨ ਸੱਚੇ ਗੁਰਦੇਵ ਹਨ। ਸੱਚੇ ਗੁਰੂ ਦੀ ਪਛਾਣ ਤੇ ਕੱਚੇ ਗੁਰੂਆਂ ਦੇ ਪਾਜ ਉਘੇੜੇ ਹਨ। ਸਗੁਰਾ ਅੰਮ੍ਰਿਤ ਛਕ ਕੇ ਹੀ ਹੋ ਸਕੀਦਾ ਹੈ।
ਭੇਟਾ 40 ਪੈਸੇ

**ਗੁਰਮਤਿ ਅਨਹਦ ਸ਼ਬਦ**—ਭਾਈ ਸਾਹਿਬ ਰਣਧੀਰ ਸਿੰਘ ਲਿਖਤ ਪੁਸਤਕ ''ਅਨਹਦ ਸ਼ਬਦ ਦਸਮ ਦੁਆਰ'' ਦੇ ਅਧਾਰ ਤੇ ਸੰਖੇਪ ਲੇਖ ਵਿਚ 'ਅਨਹਦ ਸ਼ਬਦ' ਦਾ ਗੁਰਮਤਿ ਨਿਰਣਾ ਹੈ ! ਭੇਟਾ 25 ਪੈਸੇ

**ਗੁਰਸਿਖ ਰਹਿਣੀ**—ਗੁਰਸਿਖਾਂ ਲਈ ਜ਼ਰੂਰੀ ਰਹਿਤ ਬਹਿਤ ਅਤੇ ਕੇਸਾਂ ਲਈ ਛੋਟੀ ਦਸਤਾਰ ਦੀ ਰਹਿਤ ਬਾਰੇ ਖੋਜ ਭਰੇ ਵਿਚਾਰ ਦਿਤੇ ਗਏ ਹਨ । ਭੇਟਾ 40 ਪੈਸੇ

**ਵਾਹੁ ਵਾਹੁ ਬਾਣੀ ਨਿਰੰਕਾਰੀ ਹੈ**--ਨਕਲੀ ਨਿਰੰਕਾਰੀ ਦਾ ਪਾਜ ਉਘੇੜਨ ਲਈ ਇਕ ਸੁਆਦਲੀ ਵਾਰਤਾਲਾਪ ।
ਭੇਟਾ 15 ਪੈਸੇ

**ਸੱਚੋ ਸੱਚ**--ਨਕਲੀ ਨਿਰੰਕਾਰੀਆਂ ਬਾਰੇ ਸੱਚੋ ਸੱਚ, ਉਨ੍ਹਾਂ ਦੀਆਂ ਲਿਖਤਾਂ, ਪੁਸਤਕਾਂ ਤੇ ਚਿਠੀਆਂ ਦੇ ਹਵਾਲਿਆਂ ਸਮੇਤ,
ਭੇਟਾ 20 ਪੈਸੇ

ਉਪਰੋਕਤ ਟ੍ਰੈਕਟ ਪਰਚਾਰ ਹਿਤ ਵੰਡਣ ਲਈ ਖਾਸ ਰਿਆਇਤ ਹੈ ।

## *ਵੈਸਾਖੀ ਦਾ ਖੂਨੀ ਸਾਕਾ ਤੇ ਸ਼ਹੀਦੀ ਜੀਵਨ*

ਵੈਸਾਖੀ ਦੇ ਖੂਨੀ ਸਾਕੇ ਦੇ ਸ਼ਹੀਦਾਂ ਗੁਰਮੁਖ ਪਿਆਰਿਆਂ ਦੇ ਅਲੌਕਿਕ ਜੀਵਨ, ਖੂਨੀ ਸਾਕੇ ਦੀ ਪੂਰੀ ਵਾਕਫੀ, ਨਕਲੀ ਨਿਰੰਕਾਰੀ ਬਾਰੇ ਸੱਚੋ ਸੱਚ ਆਦਿ ਲੇਖ ਹਨ । ਸ਼ਹੀਦੀ ਕਾਂਡ ਨਾਲ ਸਬੰਧਤ ਦਸ ਕਵਿਤਾਵਾਂ ਵੀ ਹਨ ।

ਤੀਜੀ ਐਡੀਸ਼ਨ ਸਫ਼ੇ 140, ਚਿਤਰ 27, ਭੇਟਾ ਕੇਵਲ ਡੇਢ ਰੁਪਿਆ

ਹੇਮਕੁੰਟ ਪ੍ਰਿੰਟਿੰਗ ਪ੍ਰੈਸ, ਬਜ਼ਾਰ ਨੰ ੬ ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧. ੬. ੭੯ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ 51847

www.AKJ.org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

੧ਓ ਵਾਹਿਗੁਰੂ ਜੀ ਕੀ ਫ਼ਤਹਿ ॥

ਸੂਰਾ

ਮਾਸਕ ਪੱਤਰ

ਅੰਮ੍ਰਿਤਸਰ

ਸਲਾਨਾ ਚੰਦਾ ੧੦-੦੦
ਇਕ ਪਰਚਾ ੧-੦੦

ਪਰਦੇਸ

ਸਮੁੰਦਰੀ ਡਾਕ ੧੮-੫੦

ਹਵਾਈ ਡਾਕ

ਅਰਬ, ਮਲਾਇਆ ੩੫-੦੦
ਯੂ. ਕੇ, ਅਫ਼ਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦



ਸੰਪਾਦਕੀ ਬੋਰਡ

ਡਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰੋ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੩ ਜੂਨ ੧੯੭੯ ਅੰਕ ੬


# ਅਦੁੱਤੀ ਸ਼ਹੀਦੀ ਸਾਕਾ

[ ਵਲੋਂ —ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਲਾ-ਮਿਸਾਲ ਸ਼ਹੀਦੀ ਹੈ, ਜਿਹੜੀ ਕਿ ਰਹਿੰਦੀ ਦੁਨੀਆ ਤਕ ਲਾ-ਮਿਸਾਲ ਹੀ ਰਹੇਗੀ। ਅਜਿਹੀ ਲਾ-ਮਿਸਾਲ ਸ਼ਹੀਦੀ ਬਾਰੇ ਪੰਜ-ਭੂਤਕੀ ਅਲਪਗ ਇਨਸਾਨੀ ਅਕਲ ਕੀ ਅਨਮਾਨ ਲਾ ਸਕਦੀ ਹੈ। ਸਾਡੇ ਲਿਖਾਰੀ ਇਸ ਬਾਰੇ ਜੋ ਕੁਛ ਵੀ ਲਿਖਦੇ ਆ ਰਹੇ ਹਨ, ਉਹ ਸਹਸ-ਸਿਆਣਪਾਂ ਤੇ ਅਕਲੀ ਦੌੜਾਂ ਤਕ ਹੀ ਸੀਮਤ ਹੁੰਦਾ ਹੈ।

"ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸਟਿ ਲਗਿਬਿ ਤਰਹੁ ॥"
"ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨ ਪਰਤਖੵ ਹਰਿ ॥"

ਸਵੱਈਆਂ ਦੀਆਂ ਇਨ੍ਹਾਂ ਤੁਕਾਂ ਵਿਚ ਭੱਟ ਮਥੁਰਾ ਜੀ ਗੁਰੂ ਅਰਜਨ ਦੇਵ ਜੀ ਬਾਰੇ ਪ੍ਰਗਟਾਉਂਦੇ ਹਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ, ਕਲਜੁਗੀ ਜੀਵਾਂ ਨੂੰ ਭਵ-ਸਾਗਰ ਤੋਂ ਪਾਰ ਉਤਾਰਨਹਾਰੇ ਜਹਾਜ਼ ਰੂਪ ਹਨ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਪਰਤੱਖ ਹਰੀ ਰੂਪ ਹਨ। ਅਜਿਹੀ ਰੌਸ਼ਨੀ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਇਹੋ ਹੀ ਕਹਿਣਾ ਬਣਦਾ ਹੈ ਕਿ ਸਤਿਗੁਰਾਂ ਨੇ ਅਜਿਹੇ ਬਿਖਮ ਭਾਣੇ




www.AKJ.Org

ਆਪਣੀ ਦੇਹੀ ਉਪਰ ਆਪ ਹੀ ਵਰਤਾਏ, ਚਾਹੇ ਕਾਰਨ ਕੁਝ ਵੀ ਬਣੇ ਕਹੇ ਜਾਂਦੇ ਹਨ। ਸਦੀਆਂ ਤੋਂ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੇ ਰਹਿਣ ਕਰਕੇ ਭਾਰਤ-ਵਾਸੀਆਂ ਦਾ ਖ਼ੂਨ ਠੰਢਾ-ਠਾਰ ਹੋ ਗਿਆ ਸੀ, ਕਾਇਰਤਾ ਉਨ੍ਹਾਂ ਦੇ ਅੰਦਰ ਘਰ ਕਰ ਚੁਕੀ ਸੀ, ਹੰਭਲਾ ਮਾਰਨ ਦਾ ਸਾਹਸ ਹੀ ਕਿਸੇ ਅੰਦਰ ਨਹੀਂ ਸੀ ਰਿਹਾ। ਇਸ ਅਦੁਤੀ ਸ਼ਹੀਦੀ ਨੇ ਸਾਹਸ-ਹੀਣ ਪ੍ਰਾਣੀਆਂ ਦੇ ਖ਼ੂਨ ਵਿਚ ਅਜਿਹਾ ਟੀਕਾ ਲਾਇਆ ਕਿ ਸਭ ਦੇ ਖ਼ੂਨ ਖੌਲ ਉਠੇ ਅਤੇ ਮੁਰਦਾ ਹੋਏ ਦਿਲਾਂ ਵਿਚ ਜੋਸ਼ ਤੇ ਉਬਾਲਾ ਆ ਗਿਆ। ਬਿਖਮ ਭਾਣਿਆਂ ਵਾਲਾ ਇਹ ਸ਼ਹੀਦੀ ਸਾਕਾ ਰਹਿੰਦੀ ਦੁਨੀਆ ਤਕ ਚਾਨਣ-ਮੁਨਾਰਾ ਬਣਿਆ ਰਹੇਗਾ ਅਤੇ ਇਸ ਦਾ ਅਸਰ ਵੀ ਰਹਿੰਦੀ ਦੁਨੀਆ ਤਕ ਕਾਇਮ ਰਹੇਗਾ।

ਮਾਨਯੋਗ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਪੰਚਮ ਪਾਤਸ਼ਾਹ ਜੀ ਦੀ ਸ਼ਹੀਦੀ ਬਾਰੇ ਹੇਠਾਂ ਦਿਤਾ ਲੇਖ ਅਗੇ ਵੀ 'ਸੂਰਾ' ਵਿਚ ਛਪ ਚੁਕਾ ਹੈ। ਅਸੀਂ ਪਾਠਕਾਂ ਅਤੇ ਲਿਖਾਰੀਆਂ ਦੀ ਰਹਿਨੁਮਾਈ ਲਈ ਇਹ ਲੇਖ ਫਿਰ ਭੇਟ ਕਰ ਰਹੇ ਹਾਂ।

—ਸੰਪਾਦਕ

ਪ੍ਰਭੂ-ਪਠਾਏ, ਧੁਰੋਂ ਆਏ, ਧਰਮ ਧੁਰੰਧਰੀ, ਸਰਬੱਗ ਪੁਰਖਾਂ ਦੇ ਸ਼ਹੀਦੀ ਸਾਕੇ ਅਲਪੱਗ ਅਕਲਾਂ ਵਾਲੇ ਸੰਸਾਰੀ ਜੀਵ ਕੀ ਲਿਖ-ਲਿਖਾ ਸਕਦੇ ਹਨ! ਕਲਾਧਾਰੀ, ਅਕਲ-ਕਲਾ, ਅਪਰੰਪਰੀ ਅਮਰ-ਅਟਾਰਿਆਂ ਦੇ ਧਰਮ-ਧੁਜੀ, ਗੁਰੂ-ਅਵਤਾਰ ਸ੍ਰੀ ਗੁਰੂ ਅਰਜਨ ਸਾਹਿਬ ਦੇ ਸ਼ਹਾਦਤੀ ਚਲਤ-ਚੋਜਾਂ ਦਾ ਪਾਰਾਵਾਰ ਤਾਂ ਕੋਈ ਕੀ ਪਾ ਸਕਦਾ ਹੈ, ਭਾਈ ਮੰਝ ਅਤੇ ਮੂਸਣ ਸਾਰਖੇ ਸ੍ਰੀ ਗੁਰੂ ਪੰਚਮ ਪਾਤਸ਼ਾਹੀ ਦੇ ਅਨਿੰਨ ਸਿਖ-ਸੰਤ ਭਗਤਾਂ ਦੀ ਕਰਨੀ-ਕਮਲ-ਜਮਾਲ ਨੂੰ ਵੀ ਓਹੀ ਜਨ ਲਿਖ-ਬੁਝ ਸਕਦਾ ਹੈ ਜੋ ਖ਼ੁਦ ਸਾਹਿਬੇ ਕਸ਼ਫ ਕਮਾਲ ਹੋਵੇ ਅਤੇ ਜਿਸ ਨੂੰ ਗੁਰੂ-ਕਰੁਣਾ ਦੁਆਰਾ ਆਗਮ-ਨਿਗਮ ਦੀ ਅਗੰਮੀ ਸੋਝੀ ਹੋ ਗਈ ਹੋਵੇ; ਜਿਸ ਦੀ ਆਤਮ-ਬ੍ਰਿਤੀ ਉਨ੍ਹਾਂ ਮੰਡਲਾਂ ਵਿਚ ਹੀ ਖੇਡਦੀ ਹੋਵੇ, ਜਿਸ ਊਚ-ਮੰਡਲੀ ਮੰਜ਼ਲਾਂ ਉਤੇ ਪੁਗ ਚੁਕੇ ਅਲੌਕਿਕ ਸ਼ਹੀਦਾਂ ਦੇ ਭੂਤ ਕਾਲ ਵਿਖੇ ਵਰਤੇ ਸ਼ਹੀਦੀ ਬਿਰਤਾਂਤ ਦਾ ਦ੍ਰਿਸ਼ ਸਾਂਗੋ-ਪਾਂਗ ਲਿਖਣ ਨੂੰ ਉਹ ਸਮਰੱਥ ਹੋਣ। ਓਹੀ ਬਸ ਓਹੀ, ਸੱਚੀ ਸ਼ਹੀਦੀ ਉਤੇ ਕੋਈ ਸੱਚਾ ਲੇਖ ਲਿਖ ਸਕਦੇ ਹਨ, ਤਿਨ੍ਹਾਂ ਉਤੇ ਛਿਨ ਭੰਗਰ ਮਾਤਰ ਭੂਤ ਭਵਿੱਖਤ ਚਮਤਕਾਰਾਂ ਦੇ ਦਾਨੀ ਲਖਣਹਾਰੇ ਹੋਣ ਦੀਆਂ ਕ੍ਰਿਸ਼ਮ-ਕਟਾਖਸ਼ੀ ਦਿਬ-ਦ੍ਰਿਸ਼ਟੀਆਂ ਨਾਜ਼ਲ ਹੋ ਗ਼ਈਆਂ ਹੋਣ੧ ਉਨ੍ਹਾਂ ਤੋਂ ਭੀ ਗੁਰੂ ਸਾਹਿਬ ਅਜਿਹੇ ਲੇਖ ਲਿਖਣ-ਲਿਖਾਉਣ ਦੀ ਸੇਵਾ ਆਪ ਲੈ ਲੈਂਦੇ ਹਨ। ਐਵੇਂ ਮਨ-ਮਰਜ਼ੀ ਦੇ ਅਕਲੀ ਢਕੋਂਸਲੇ ਲਿਖ ਲਿਖ ਕੇ ਅਖ਼ਬਾਰਾਂ ਦੇ ਕਾਲਮ ਕਾਲੇ ਕਰਨੇ ਕਖ ਮਾਤ੍ਰ ਭੀ ਲਾਭਦਾਇਕ ਨਹੀਂ ਹੋ ਸਕਦੇ।

ਲੋਕਾਂ ਨੂੰ ਲੇਖ ਲਿਖਾਉਣ ਦੇ ਮੇਨੀਏ ਲਗੇ ਹੋਏ ਹਨ। ਤਤ-ਲਿਖਾਰੀ ਕਿਸੇ ਦੇ ਜੁਚ ਕੀਤੇ ਹੋਏ ਕਦੇ ਕੁਝ ਨਹੀਂ ਲਿਖਣਗੇ। ਜਦੋਂ ਉਨ੍ਹਾਂ ਨੂੰ ਆਤਮ-ਤਰੰਗੀ ਕੋਈ ਕਾਂਗ ਉਠੇਗੀ ਤਦੋਂ ਉਨ੍ਹਾਂ ਦੇ ਅੰਤਰ-ਆਤਮੇ ਬਚਿਤ੍ਰ ਚਰਿਤ੍ਰਾਂ ਦੇ ਚਿਤ੍ਰ ਸਾਂਗੋ-ਪਾਂਗ ਆਣ ਅੰਕ੍ਰਿਤ ਹੋਣਗੇ। ਚਿਤ੍ਰਾਂ ਨੂੰ ਲੱਖ ਕੇ ਲਿਖਿਆ ਲੇਖ ਅਤੇ ਚਿਤਰਿਆ ਚਿਤ੍ਰ ਹੀ ਗੁਣਕਾਰੀ ਹੈ।

ਨਾ ਅਸੀਂ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਦੇ ਪਾਏ ਤੱਤ-ਸ਼ਹੀਦੀ ਪੂਰਨਿਆਂ ਦੀ ਤਹਿ ਨੂੰ ਪੁਜ ਸਕਦੇ ਹਾਂ ਅਤੇ ਨਾ ਉਕਤ ਸ਼ਹੀਦੀ ਤਤ-ਆਦਰਸ਼ ਦਾ ਅਨੁਮਾਨ ਲਾ ਸਕਦੇ ਹਾਂ। ਐਵੇਂ ਲੋਕੀਂ ਆਪੋ ਆਪਣੀਆਂ ਅਕਲਾਂ ਦੇ ਲਖਣ ਲਾ ਲਾ ਕੇ ਲੇਖ ਲਿਖਣ ਦਾ ਦਿਲ-ਪਰਚਾਵਾ ਕਰਦੇ ਹਨ। ਅਸਾਨੂੰ ਤਾਂ ਉਸ ਅਤਿ ਉਚੀ ਦਰਗਾਹ ਵਾਲੇ ਸੰਤਿਗੁਰੂ ਦੀ ਸ਼ਹੀਦੀ ਸ਼ਾਨ ਵਿਚ ਕੁਝ ਲਿਖਣ ਦਾ ਹੀਆ ਨਹੀਂ ਪੈਂਦਾ, ਨਾ ਹੀ ਕੁਝ ਅਹੁੜਦਾ ਹੈ। ਉਨ੍ਹਾਂ ਦੇ ਚਰਨਾਂ ਵਿਚ ਚੁੱਭੀ ਮਾਰ ਕੇ ਜੇ ਇਕ ਅਕਸ ਮਾਤਰ ਭੀ ਉਚੇ ਚੜ੍ਹੀਏ ਤਾਂ ਸਾਨੂੰ ਆਮ ਇਨਸਾਨਾਂ ਵਾਲੀਆਂ, ਆਮ ਦੀਨੀ ਦੁਨਿਆਵੀ ਸਹੀਦਾਂ ਵਾਲੀਆਂ ਸ਼ਹੀਦੀਆਂ ਬਹੁਤ ਹੀ ਨੀਵੀਆਂ



www.AKJ.Org

ਪਰਤੀਤ ਹੁੰਦੀਆਂ ਹਨ।

ਅਸੀਂ ਲਗਪੱਗ ਸੰਸਾਰੀ ਜੀਵ ਆਪਣੇ ਹੀ ਵਹਿਣਾਂ ਵਿਚ ਰੁੜ੍ਹ ਕੇ ਇਸ ਸ਼ਹੀਦੀ ਖ਼ਿਆਲ ਉਪਰ ਭਾਂਤ-ਭਾਂਤੀ ਮਨ-ਖ਼ਿਆਲੇ, ਹਾਸ਼ੀਏ ਚਾੜ੍ਹਦੇ ਹਾਂ। ਵਾਸਤਵ ਵਿਚ ਦੁਨੀਆ ਦੂਜਿਆਂ ਦੇ ਮਰਸੀਏ ਪੜ੍ਹ ਪੜ੍ਹ ਆਪੋ ਆਪਣੇ ਦੁਖ ਰੋਂਦੀ ਹੈ ਅਤੇ ਕੀਰਨੇ ਪਾ ਪਾ ਕੇ ਦਸਦੀ ਹੈ ਕਿ ਅਸੀਂ ਹੀ ਮਰ-ਜੀਵਿਆਂ ਦੇ ਪੂਰੇ ਰਾਜ਼-ਸ਼ਿਨਾਸ ਹਾਂ।

ਦੁਖ ਸੁਖ ਰਹਿਤ ਬ੍ਰਹਮ-ਗਿਆਨੀ ਸਤਿਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਸਾਕੇ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਸਹਿਮਨਾਕ ਸਾਕਾ ਦ੍ਰਿਸ਼ਟਾਉਣ ਨੂੰ ਆਮ ਲੇਖਕ ਬੜੇ ਬੜੇ ਦਰਦਨਾਕ ਲੇਖ ਲਿਖਦੇ ਹਨ ਅਤੇ ਪੰਜ ਭੂਤਕ ਦੇਹੀ ਦੇ ਦਾਰਨ ਦੁਖਾਂ ਦਾ ਨਕਸ਼ਾ ਬੰਨ੍ਹ ਬੰਨ੍ਹ ਹੀ ਲੇਖ-ਪੜ੍ਹਾਕੂਆਂ ਦੇ ਦਿਲਾਂ ਨੂੰ ਦ੍ਰਵੀ ਭੂਤ ਕਰਾਉਂਦੇ ਹਨ, ਪਰ ਉਥੇ ਦੁਖ ਕਲੇਸ਼ਾਂ ਦੀ ਤੱਤੀ ਵਾਉ ਨਹੀਂ ਲਗ ਸਕਦੀ, ਜਿਥੇ ਪੂਰਨ ਬ੍ਰਹਮ, ਪਾਰਬ੍ਰਹਮ, ਅਕਾਲ ਮੂਰਤੀ, ਨਿਰੰਕਾਰੀ ਆਕਾਰ ਹੋਵੇ। ਸਤਿਗੁਰੂ ਦੇ ਸਰੀਰ ਉਤੇ ਛਾਲੇ ਕੀ ਪੈਣੇ ਸਨ, ਇਹ ਅਸਾਡੇ ਹੀ ਦਿਲ ਦੇ ਫਫੋਲੇ ਅਸਾਡੇ ਦਿਲ ਦੀ ਅੱਗ ਨਾਲ ਜਲ ਉਠਦੇ ਹਨ।

ਸਾਨੂੰ ਤਾਂ ਗੁਰਬਾਣੀ ਦ੍ਰਿੜ੍ਹਾਉਂਦੀ ਹੈ ਕਿ ਜਿਨ੍ਹਾਂ ਦੇ ਜੀਅੜੇ, ਹੀਅਰੇ ਅੰਦਰ ਗੁਰੂ ਕਾ ਗਾਰੜ ਮੰਤ੍ਰੀ ਸ਼ਬਦ ਬਚਨ ਵਸਿਆ ਹੈ, ਓਹ ਜਨ ਨਾ ਹੀ ਜਲ ਵਿਚ ਡੁਬ ਸਕਦੇ ਹਨ ਅਤੇ ਨਾ ਹੀ ਅੱਗ ਵਿਚ ਸੜ ਸਕਦੇ ਹਨ ਅਤੇ ਓਹਨਾਂ ਦੇ ਸਰੀਰ ਨੂੰ ਤੱਤੇ ਤਵਿਆਂ ਦਾ ਤਾਉ ਅਤੇ ਉਬਲਦੀਆਂ ਦੇਗਾਂ ਦਾ ਦਗਾਉ ਪੋਹ ਨਹੀਂ ਸਕਦਾ। ਤੇਲ ਦੇ ਤੱਤੇ ਕੜਾਹੇ ਵਿਚ ਤਲੀਂਦੇ ਮਰਦਾਨੇ ਨੂੰ ਕਿਸ ਚੀਜ਼ ਨੇ ਉਬਾਰਿਆ? ਗੁਰੂ ਕੇ ਸ਼ਬਦ ਨੇ ਇਕ ਛਾਲਾ ਵੀ ਨਹੀਂ ਪੈਣ ਦਿਤਾ, ਸਗੋਂ ਤੱਤਾ ਕੜਾਹਾ ਹੀ ਠੰਢਾ ਪੈ ਗਿਆ। ਗੁਰੂ ਨਾਨਕ ਸਾਹਿਬ ਨਿਰੰਕਾਰੀ ਨੇ ਇਹ ਚਲਤ ਰਚਾ ਕੇ ਸਗੋਂ ਕੌਡੇ ਰਾਖਸ਼ ਨੂੰ ਪ੍ਰਾਸਚਿਤ-ਅਗਨੀ ਵਿਚ ਤਲਿਆ ਅਤੇ ਫੇਰ ਤਾਉ 'ਤੇ ਤਾਉ ਦੇ ਕੇ, ਉਸ ਦੇ ਕੋਟਿ-ਕੋਟੰਤਰੀ ਪਾਪਾਂ-ਅਘਾਂ ਨੂੰ ਪ੍ਰਚੰਡ ਕ੍ਰਿਸ਼ਮਾਇਣੀ ਰਸਾਇਣ ਦੁਆਰਾ ਦਗਧ ਕੀਤਾ।

ਗੁਰੂ ਸਾਹਿਬ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਹ ਚਲਤ ਆਪਣੇ ਸਰੀਰ ਉਪਰ ਹੀ ਆਪ ਵਰਤਾਏ। ਉਨ੍ਹਾਂ ਦੀ ਉਸ਼ਨ-ਸੀਤ ਰਹਿਤ ਦੇਹੀ ਨੂੰ ਦੁਸ਼ਟ ਪਾਪੀਆਂ ਦੇ ਦਿਤੇ ਅੱਗਨ-ਦਾਹ ਤਸੀਹਿਆਂ ਦਾ ਦਾਗ ਵੀ ਨਹੀਂ ਲਗਿਆ, ਸਗੋਂ ਦੁਸ਼ਟ-ਰਾਜ ਦੀ ਜੜ੍ਹ-ਮੇਖ ਦਾਗੀ-ਦਾਹੀ ਗਈ। ਇਕੋ ਜੋਗ-ਜੁਗਤਿ ਦੇ ਮਾਲਕ ਤੇਜ-ਪੁੰਜ ਗੁਰੂ, ਕੀ ਆਪਣੇ ਸਰੀਰ ਉਪਰੋਂ ਸਾਕਾ ਨਹੀਂ ਟਾਲ ਸਕਦੇ ਸਨ, ਜਿਨ੍ਹਾਂ ਨੇ ਮਰਦਾਨੇ ਦੇ ਸਰੀਰ ਨੂੰ ਦਾਹ-ਸਾਕੇ ਦੇ ਸੇਕ ਤੋਂ ਬਚਾਇਆ? ਪਰ ਇਸ ਅਦੁੱਤੀ ਅਹੂਤੀ ਦਿਤੇ ਬਾਝੋਂ ਦੁਖਿਤ ਪਰਜਾ ਦੇ ਦਾਹ ਨਹੀਂ ਮਿਟ ਸਕਦੇ ਸਨ ਤੇ ਦੁਸ਼ਟ ਰਾਜ ਦੇ ਬਿਨਾਸ਼ ਦਾ ਬਾਨ੍ਹਣੂ ਨਹੀਂ ਬੱਝ ਸਕਦਾ ਸੀ ਅਤੇ ਏਸ ਇਲਾਹੀ ਰਮਜ ਨੂੰ ਆਮ ਇਨਸਾਨੀ ਅਕਲ ਅਤੇ ਦਿਮਾਗੀ ਫਿਲਾਸਫ਼ੀ ਕੀ ਸਮਝ ਸਕਦੀ ਹੈ ਕਿ ਮਹਾਂ ਪੁਰਸ਼ਾਂ ਦੀ ਕੁਰਬਾਨੀ ਦੁਆਰਾ ਜ਼ੁਲਮ ਅਤੇ ਜ਼ਾਲਮਾਂ ਦਾ ਕਾਫ਼ੀਆ ਤੰਗ ਹੁੰਦਾ ਹੈ ਅਤੇ ਜ਼ੁਲਮੀ ਰਾਜ ਦਾ ਕਿਵੇਂ ਬਿਨਾਸ਼ ਹੋ ਜਾਂਦਾ ਹੈ ਅਤੇ ਕਿਵੇਂ ਮਜ਼ਲੂਮਾਂ ਦੇ ਜ਼ੁਲਮ ਤੋਂ ਨਿਜਾਤ ਤੇ ਬੰਦ-ਖ਼ਲਾਸ ਹੁੰਦੀ ਹੈ। ਇਹੋ ਤਾਂ ਰਮਜ਼ ਹੈ, ਜਿਸ ਨੂੰ ਸੰਸਾਰੀ ਸਿਆਣੇ ਨਹੀਂ ਸਮਝ ਸਕਦੇ ਅਤੇ ਇਸ ਤੋਂ ਵਧ ਕੇ ਹੋਰ ਖ਼ਬਰੇ ਕਿਤਨੇ ਕੁ ਰਾਜ਼-ਨਿਆਜ਼ੀ ਗੁਪਤ ਭੇਦ ਮਹਾਂ ਪੁਰਸ਼ਾਂ ਦੀਆਂ ਸ਼ਹਾਦਤਾਂ ਦੇ ਹੋਣਗੇ-ਜਿਨ੍ਹਾਂ ਨੂੰ ਅਸੀਂ ਅਨੁਮਾਨ ਅੰਦਰ ਵੀ ਨਹੀਂ ਲਿਆ ਸਕਦੇ, ਤਾਂ ਤੇ ਮਸ਼ਟ-ਮਗਨ ਰਹਿਣਾ ਹੀ ਉਚਿਤ ਹੈ। ਏਥੇ ਡੀਂਗ ਮਾਰਨ ਦੀ ਨਹੀਂ ਜਾਏ ਵੇ ਅੜਿਆ।

## ਪਿੰਡ ਗੁੜੇ (ਜਗਰਾਉਂ) ਵਿਖੇ ਅਖੰਡ ਕੀਰਤਨ ਸਮਾਗਮ

ਡਾ: ਜਤਿੰਦਰ ਸਿੰਘ ਪੱਬੀਆਂ ਬੇਨਤੀ ਕਰਦੇ ਹਨ ਕਿ ੬ ਜੂਨ ੧੯੭੯ ਦਿਨ ਬੁਧਵਾਰ ਨੂੰ ਰਾਤੀਂ ੭॥ ਤੋਂ ੧੨॥ ਤਕ ਪਿੰਡ ਗੁੜੇ ਗੁਰਦੁਆਰਾ ਸਿਧਵਾਂ ਸਾਈਡ ਵਿਖੇ ਅਖੰਡ ਕੀਰਤਨ ਹੋਵੇਗਾ। ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਲੈਣ।



www.AKJ.Org

# ਇਸ਼ਕ ਦੀ ਖੇਡ

[ਵਲੋਂ—ਸ: ਵਿਧਾਤਾ ਸਿੰਘ ਜੀ 'ਤੀਰ']

ਕਿਸੇ ਤਿੰਨ ਕਾਲਾਂ ਅੰਦਰ ਵੇਖਿਆ ਨਹੀਂ, ਮੇਰੀ ਅੱਖ ਨੇ ਜਿਹੜਾ ਕਮਾਲ ਤੱਕਿਆ।
ਨੈਣਾਂ ਵਿਚ ਮਸਤੀ, ਮਸਤੀ ਵਿਚ ਹਸਤੀ, ਹਸਤੀ ਵਿਚ ਇਕ ਰੱਬੀ ਜਲਾਲ ਤੱਕਿਆ।
ਓਸ ਰੱਬੀ ਜਲਾਲ ਦੀ ਅੱਖ ਅੰਦਰ, ਮੈਂ ਖ਼ੁਮਾਰ ਤੱਕਿਆ ਤੇ ਗੁਲਾਲ ਤੱਕਿਆ।
ਓਦ੍ਹੇ ਨੈਣਾਂ ਦੇ ਗੂੜ੍ਹੇ ਗੁਲਾਲ ਅੰਦਰ, ਇਸ਼ਕ ਵੇਖਿਆ ਪਰ ਮਸਤ-ਹਾਲ ਤੱਕਿਆ।
ਤੱਕੀ ਅਜਬ ਲਾਹੌਰ ਦੇ ਵਿਚ ਹੋਲੀ, ਨਚਦਾ ਇਸ਼ਕ ਤੱਕਿਆ, ਲਾਲੋ ਲਾਲ ਤੱਕਿਆ।
ਅੱਗ ਖੇਡਦੀ ਇਸ਼ਕ ਦੇ ਨਾਲ ਵੇਖੀ, ਇਸ਼ਕ ਖੇਡਦਾ ਅੱਗ ਦੇ ਨਾਲ ਤੱਕਿਆ।
ਕਰੇ ਅੱਗ ਪਰਦੱਖਣਾ ਇਸ਼ਕ ਦੀ ਹੀ, ਗੀਤ ਅੱਗ ਵਿਚ ਗਾਂਵਦਾ ਇਸ਼ਕ ਡਿੱਠਾ।
ਨਾਚ ਰਲ ਕੇ ਕਰਨ ਮੁਟਿਆਰ ਲਾਟਾਂ, ਨਾਲ ਭੰਗੜਾ ਪਾਂਵਦਾ ਇਸ਼ਕ ਡਿੱਠਾ।
ਅੱਗ ਇਸ਼ਕ ਦੀ ਆਰਤੀ ਕਰੀ ਜਾਵੇ, ਮਸਤੀ ਵਿਚ ਮੁਸਕਾਂਵਦਾ ਇਸ਼ਕ ਡਿੱਠਾ।
ਹਾਰੇ ਅੱਗ ਨਾ ਆਪਣੇ ਜੋਸ਼ ਅੰਦਰ, ਉਧਰ ਹਾਰ ਨਾ ਖਾਂਵਦਾ ਇਸ਼ਕ ਡਿੱਠਾ।
ਇਧਰ ਅੱਗ ਨੂੰ ਲੋੜ੍ਹੇ ਦੀ ਚੜ੍ਹੀ ਲਾਲੀ, ਚਿਹਰਾ ਇਸ਼ਕ ਦਾ ਵੀ ਲਾਲੋ ਲਾਲ ਤੱਕਿਆ।
ਖੇਡਣ ਫੁਲ-ਕਲੀਆਂ ਨਾਲ ਭੌਰ ਆਸ਼ਕ, ਇਸ਼ਕ ਖੇਡਦਾ ਪਰ ਅੱਗ ਦੇ ਨਾਲ ਤੱਕਿਆ।

ਅੱਗ ਇਸ਼ਕ ਦੇ ਲੱਗ ਕੇ ਗਲੇ ਰੋਵੇ, ਇਸ਼ਕ ਬੁਲ੍ਹੀਆਂ ਵਿਚੋਂ ਮੁਸਕਾਈ ਜਾਵੇ।
ਅੱਗ ਪਈ ਤੜਫੇ, ਇਸ਼ਕ ਮਸਤ ਬੈਠਾ, ਅੱਗ ਭਰੇ ਹੌਕੇ, ਇਸ਼ਕ ਗਾਈ ਜਾਵੇ।
ਅੱਗ ਪਾਈ ਜਾਵੇ ਮਾਲਾ ਛਾਲਿਆਂ ਦੀ, ਇਸ਼ਕ ਓਸ ਮਾਲਾ ਨੂੰ ਹੰਢਾਈ ਜਾਵੇ।
ਅੱਗ ਲੂੰ ਲੂੰ ਨੂੰ ਸਾੜੀ-ਤਾਈ ਜਾਵੇ, ਇਸ਼ਕ ਪਾ ਪਾ ਠੰਢ ਠੰਢਿਆਈ ਜਾਵੇ।
ਅੱਗ ਨਾਚ ਕਰਦੀ ਵੇਖੀ ਹੋ ਨੰਗੀ, ਇਸ਼ਕ ਨੱਚਦੀ ਨੂੰ ਦੇਂਦਾ ਤਾਲ ਤੱਕਿਆ।
ਸੂਰਜ ਸਹਿਮਿਆ ਚੰਦ ਨੂੰ ਡੋਬ ਪੈ ਗਈ, ਇਸ਼ਕ ਖੇਡਦਾ ਜਾਂ ਅੱਗ ਦੇ ਨਾਲ ਤੱਕਿਆ।

ਅੱਗ ਇਸ਼ਕ ਦੇ ਚੁੰਮਦੀ ਚਰਨ ਵੇਖੀ, ਇਸ਼ਕ ਅੱਗ-ਮਹਿੰਦੀ ਲਾਂਦਾ ਵੇਖਿਆ ਮੈਂ।
ਅੱਗ ਇਸ਼ਕ ਦੀ, ਲੱਗ ਗਈ ਅੱਗ ਨੂੰ ਵੀ, ਇਸ਼ਕ ਠੰਢ ਉਸ ਨੂੰ ਪਾਂਦਾ ਵੇਖਿਆ ਮੈਂ।
ਅੱਗ ਇਸ਼ਕ ਨੂੰ ਰਾਹ ਤੋਂ ਰੋਕ ਰਹੀ ਸੀ, ਇਸ਼ਕ ਅੱਗ ਉਤੇ ਜਾਂਦਾ ਵੇਖਿਆ ਮੈਂ।
ਸੁੱਚੇ ਇਸ਼ਕ ਨੂੰ ਅੱਗ ਦੀ ਖੇਡ ਅੰਦਰ, ਬਾਜ਼ੀ ਸਿਰ-ਧੜ ਦੀ ਲਾਂਦਾ ਵੇਖਿਆ ਮੈਂ।
ਵੇਖੋ ਹਾਰਿਆ ਨਹੀਂ ਭੜਕੀ ਅੱਗ ਅਗੇ, ਇਸ਼ਕ ਆਸ਼ਕੀ ਦਾ ਅੰਗਪਾਲ ਤੱਕਿਆ।
'ਤੀਰ' ਤਵੀ ਤੇ ਅਰਜਨ ਦੇ ਰੂਪ ਅੰਦਰ, ਇਸ਼ਕ ਖੇਡਦਾ ਅੱਗ ਦੇ ਨਾਲ ਤੱਕਿਆ।

---

## ਜ਼ਾਮਨੀ ਸਾਹਿਬ (ਵਜੀਦਪੁਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਬਲਵੰਤ ਸਿੰਘ ਖ਼ਾਲਸਾ ਪ੍ਰਤੀਨਿਧ ਜ਼ਿਲਾ ਫਿਰੋਜ਼ਪੁਰ ਇਤਲਾਹ ਦਿੰਦੇ ਹਨ ਕਿ ਅਖੰਡ ਕੀਰਤਨੀ ਜਥਾ ਫਿਰੋਜ਼ਪੁਰ ਵਲੋਂ ਜ਼ਾਮਨੀ ਸਾਹਿਬ (ਵਜੀਦਪੁਰ) ਜੋ ਫਿਰੋਜ਼ਪੁਰ ਛਾਉਣੀ ਤੋਂ ਤਕਰੀਬਨ ੨ ਮੀਲ ਹੈ, ਵਿਖੇ ੨੩ ਜੂਨ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਹੁਮ ਹੁਮਾ ਕੇ ਲਾਹੇ ਪ੍ਰਾਪਤ ਕਰੋ ਜੀ।



www.AKJ.Org

# ਗੁਰਬਾਣੀ ਵਿਚਾਰ — ਗੁਰਬਾਣੀ ਅਨੁਭਵ

[ ਵਲੋਂ : ਖੋਜੀ ਜੀ ]

( ੧ )

ਗੁਰਬਾਣੀ ਨੂੰ ਬੁੱਧੀ-ਮੰਡਲ ਦਾ ਵਿਸ਼ਾ ਹੀ ਸਮਝ ਲੈਣਾ ਅਤੇ ਇਸ ਨੂੰ ਇਸ ਦੇ ਅਖਰੀ ਅਰਥਾਂ ਤਕ ਹੀ ਸੀਮਤ ਰਖਣਾ ਇਕ ਭੁੱਲ ਹੈ। ਅਸਲ ਵਿਚ ਗੁਰਬਾਣੀ, 'ਇਲਾਹੀ ਮੰਡਲ', 'ਨਾਨਕ ਮੰਡਲ', 'ਸੰਤ ਮੰਡਲ', 'ਬ੍ਰਹਮ ਮੰਡਲ', 'ਧੁਰ' ਦੀ ਸ਼ੈ ਹੈ। ਇਹ ਉੱਚੀ-ਸੁੱਚੀ, ਅਨਹਦ, ਬ੍ਰਹਮ, ਗੁਪਤੀ, ਅੰਮ੍ਰਿਤ, ਵਾਹ ਵਾਹ, ਤੱਤ ਬਾਣੀ, ਧੁਰੋਂ, ਬ੍ਰਹਮ ਮੰਡਲ ਵਿਚੋਂ ਉਪਜੀ ਹੈ। ਇਸ ਨੂੰ 'ਸਮਝਣ', 'ਪਛਾਨਣ' ਅਤੇ 'ਬੁਝਣ' ਲਈ ਬੁੱਧੀ-ਮੰਡਲ ਤੋਂ ਉਠ ਕੇ ਆਤਮਕ 'ਅਨੁਭਵ' ਦੀ ਲੋੜ ਹੈ। ਜਿਸ ਤਰ੍ਹਾਂ ਕਿ ਗੁਰਬਾਣੀ ਵਿਚ ਦਰਸਾਇਆ ਗਿਆ ਹੈ :—

ਜੁਗਿ ਜੁਗਿ ਬਾਣੀ ਸਬਦਿ ਪਛਾਣੀ,
ਨਾਉ ਮੀਠਾ ਮਨਹਿ ਪਿਆਰਾ ॥੨॥(੪॥੭)
[ਸੋਰਠਿ ਮ: ੩, ਪੰਨਾ ੬੦੨

ਅੰਮ੍ਰਿਤ ਬਾਣੀ ਸਬਦਿ ਪਛਾਣੀ,
ਦੁਖ ਕਾਟੈ ਹਉ ਮਾਰਾ ॥ ॥
[ਭੈਰਉ ਅਸਟ: ਮ: ੧, ਪੰਨਾ ੧੧੫੩

ਗੁਰ ਕੀ ਬਾਣੀ ਸਬਦਿ ਪਛਾਤੀ,
ਸਾਚਿ ਰਹੇ ਲਿਵ ਲਾਇ ॥੭॥
[ਭੈਰਉ ਮ: ੩, ਪੰਨਾ ੧੧੫੫

ਬਾਣੀ ਬੁਝੈ ਸਚਿ ਸਮਾਵੈ ॥੮॥੨॥
[ਆਸਾ ਮ: ੧, ਪੰਨਾ ੪੧੨

ਬੂਝਹੁ ਹਰਿ ਜਨ ਸਤਿਗੁਰ ਬਾਣੀ ॥੫॥
[ਮਾਰੂ ਮ: ੧, ਪੰਨਾ ੧੦੨੫

ਏਥੇ ਬਾਣੀ ਦੇ 'ਬੁਝਣ' ਅਤੇ ਪਛਾਨਣ ਦੀ ਪ੍ਰੇਰਨਾ ਕੀਤੀ ਗਈ ਹੈ, ਜੋ ਕਿ ਸਿਰਫ ਅਧਿਆਤਮਕ 'ਅਨੁਭਵ' ਦੁਆਰਾ ਹੀ ਹੋ ਸਕਦਾ ਹੈ, ਨਾ ਕਿ ਬੁੱਧੀ ਨਾਲ ਅਰਥ ਕੀਤਿਆਂ। ਦਿਮਾਗੀ ਗਿਆਨ ਅਧੂਰਾ ਤੇ ਸੀਮਤ ਹੈ। ਇਹੋ ਕਾਰਨ ਹੈ ਕਿ ਅਸੀਂ ਇਸ ਇਲਾਹੀ ਬਾਣੀ ਤੋਂ ਪੂਰਾ ਪੂਰਾ ਲਾਭ ਨਹੀਂ ਲੈ ਰਹੇ। ਇਸ ਬ੍ਰਹਮ ਬਾਣੀ ਨੂੰ ਕੋਈ ਵਿਰਲੇ ਗੁਰਮੁਖ ਹੀ 'ਅਨੁਭਵ' ਦੁਆਰਾ 'ਜਾਣ' 'ਪਛਾਣ', 'ਬੁਝ' ਅਤੇ 'ਵਿਚਾਰ' ਸਕਦੇ ਹਨ, ਜਿਸ ਤਰ੍ਹਾਂ ਕਿ ਬਾਣੀ ਦਸਦੀ ਹੈ :—

ਸਫਲ ਸੁ ਬਾਣੀ ਜਿਤੁ ਨਾਮੁ ਵਖਾਣੀ
ਗੁਰ ਪਰਸਾਦਿ ਕਿਨੈ ਵਿਰਲੈ ਜਾਣੀ ॥੧॥
[ਮਾਝ ਮ: ੫, ਪੰਨਾ ੧੦੩

ਸਚਾ ਸਬਦੁ ਸਚੀ ਹੈ ਬਾਣੀ ॥
ਗੁਰਮੁਖਿ ਵਿਰਲੈ ਕਿਨੈ ਪਛਾਣੀ ॥੧੧॥
ਮਾਰੂ ਸੋਲਹੇ ਮ: ੩, ਪੰਨਾ੧੦੪੪

ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥
ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥੧॥
[ਮਾਝ ਮ: ੩, ਪੰਨਾ ੧੧੩

ਗੁਰਬਾਣੀ ਦੇ ਅਤਿ ਸੂਖਮ, ਅਗੋਚਰ ਅਤੇ ਅਨੁਭਵੀ ਵਿਸ਼ੇ ਨੂੰ, ਬੁੱਧੀ-ਮੰਡਲ ਦੀਆਂ ਆਮ ਸੰਗਤਾਂ ਦੇ ਸਮਝ ਗੋਚਰਾ ਬਣਾਉਣ ਲਈ ਦ੍ਰਿਸ਼ਟ-ਮਾਨ ਉਦਾਹਰਣ ਦੇਣਾ ਅਤਿ ਜ਼ਰੂਰੀ ਹੈ। ਗੁਰਬਾਣੀ ਵਿਚ ਵੀ ਸੂਖਮ, ਇਲਾਹੀ ਗੱਲਾਂ ਨੂੰ ਸਮਝਾਉਣ ਲਈ, ਦ੍ਰਿਸ਼ਟਮਾਨ ਉਦਾਹਰਣ ਦਿੱਤੇ ਗਏ ਹਨ। ਭਾਵੇਂ ਗੁਰਬਾਣੀ ਦਾ ਪੂਰਨ ਤੇ ਸਹੀ ਗਿਆਨ 'ਅਨੁਭਵ' ਦੁਆਰਾ ਹੀ ਹੋ ਸਕਦਾ ਹੈ, ਫਿਰ ਵੀ ਦ੍ਰਿਸ਼ਟਮਾਨ ਉਦਾਹਰਣ ਰਾਹੀਂ ਇਸ ਨੂੰ ਸਮਝਣ ਦਾ ਨਿਗੂਣਾ ਜਿਹਾ ਯਤਨ ਕਰਦੇ ਹਾਂ —

ਸੂਰਜ ਦੇ ਵਿਕਾਸ ਦੁਆਰਾ ਕਿਰਨਾਂ ਤੇ ਧੁੱਪ ਦਾ ਪ੍ਰਕਾਸ਼ ਹੁੰਦਾ ਹੈ। ਇਨ੍ਹਾਂ ਕਿਰਨਾਂ ਵਿਚ ਉਹ ਗੁਣ ਤੇ ਤੱਤ ਹਨ ਜੋ ਸੂਰਜ ਵਿਚ ਹਨ ਜਿਵੇਂ :—


www.AKJ.Org

ਗਰਮੀ, ਰੋਸ਼ਨੀ, ਜੀਵਨ-ਰੌ, ਸ਼ਕਤੀ ਅਤੇ ਹੋਰ ਅਨੇਕਾਂ ਗੁਣ। ਏਸੇ ਤਰ੍ਹਾਂ ਜਦ ਅਕਾਲ ਪੁਰਖ ਦਾ 'ਕਵਾਉ' ਰਚਨਾ ਦੁਆਰਾ ਪ੍ਰਗਟਾਉ ਹੋਇਆ ਤਾਂ ਅਕਾਲ ਪੁਰਖ ਦੇ ਸਾਰੇ ਗੁਣ, ਤੱਤ ਉਸ ਦੇ ਪ੍ਰਕਾਸ਼ ਵਿਚ ਆ ਗਏ, ਜਿਵੇਂ 'ਅਨੁਭਵੀ ਗਿਆਨ', 'ਰਾਗ' 'ਨਾਦ', 'ਧੁਨ', 'ਸ਼ਕਤੀ', 'ਜੀਵਨ ਰੌ', 'ਸੱਚ', 'ਪ੍ਰੇਮ','ਰਸ', 'ਮਿਠਾਸ', 'ਠੰਡ', 'ਦਇਆ', 'ਖਿਮਾ', ਆਦਿ ਅਨੇਕ ਗੁਣ। ਇਸ ਇਲਾਹੀ ਪ੍ਰਕਾਸ਼ ਦਾ ਗਿਆਨ ਹੀ 'ਅਨੁਭਵੀ' ਗਿਆਨ ਹੈ।

ਇਸੇ ਵਿਚੋਂ ਇਲਾਹੀ ਰੌ, 'ਧੁਨ' ਉਪਜਦੀ ਹੈ ਅਤੇ ਉਸ ਨੂੰ ਧੁਰ ਕੀ ਬਾਣੀ ਕਿਹਾ ਗਿਆ ਹੈ। ਗੁਰੂ ਨਾਨਕ ਸਾਹਿਬ ਨੂੰ ਜਦ ਇਲਾਹੀ ਰੌ ਆਉਂਦੀ ਸੀ ਤਾਂ ਉਹ ਕਹਿੰਦੇ ਸਨ, 'ਮਰਦਾਨਿਆ ! ਰਬਾਬ ਵਜਾ, ਬਾਣੀ ਆਈ ਹੈ'। ਕਿਉਂਕਿ ਇਹ ਇਲਾਹੀ 'ਪ੍ਰਕਾਸ਼' ਅਮਿਤ ਅਤੇ ਅਨਹਦ ਹੈ ਇਸ ਲਈ ਗੁਰਬਾਣੀ ਵੀ ਅਨਹਦ ਹੈ। ਇਹ ਇਲਾਹੀ 'ਪ੍ਰਕਾਸ਼' ਨਾ ਬਦਲਦਾ ਹੈ ਅਤੇ ਨਾ ਨਾਸ਼ ਹੋਣ ਵਾਲਾ ਹੈ, ਇਸ ਲਈ ਬਾਣੀ ਵੀ 'ਸੱਚ' ਹੈ।

ਇਹ 'ਪ੍ਰਕਾਸ਼' ਬ੍ਰਹਮ ਵਿਚੋਂ ਉਪਜਿਆ ਹੈ, ਇਸ ਲਈ ਇਹ ਬ੍ਰਹਮ ਬਾਣੀ ਹੈ।

ਇਹ ਮਾਇਆ ਦੀ ਮੈਲ ਰਹਿਤ ਨਿਰਮਲ ਜੁ ਹੋਇਆ, ਇਸ ਲਈ ਇਹ ਬਾਣੀ ਵੀ ਨਿਰਮਲ ਬਾਣੀ ਹੈ।

ਇਹ ਇਲਾਹੀ 'ਪ੍ਰਕਾਸ਼' ਜੁਗਾਂ-ਜੁਗਾਂਤਰਾਂ ਤੋਂ ਚਲਿਆ ਆਉਂਦਾ ਹੈ, ਇਸ ਲਈ ਬਾਣੀ ਵੀ ਜੁਗ ਜੁਗ ਬਾਣੀ ਹੈ।

ਇਸ ਦਾ ਤ੍ਰੈ ਗੁਣਾਂ ਤੋਂ ਪਰੇ ਨਿਰਮਲ, ਅਗੋਚਰ ਅਤੇ ਇਲਾਹੀ ਮੰਡਲ ਦਾ ਤੱਤ ਹੋਣਾ ਇਸ ਗੱਲ ਨੂੰ ਦ੍ਰਿਸ਼ਟਾਉਂਦਾ ਹੈ ਕਿ ਇਹ "ਗੁਪਤੀ ਬਾਣੀ" ਹੈ।

ਮਾਇਆ, ਤੇ ਤ੍ਰੈ ਗੁਣਾਂ ਦੇ ਹਨੇਰੇ ਅਤੇ ਭਰਮ ਨੂੰ ਦੂਰ ਕਰਨ ਦੀ ਇਸ ਦੀ ਸਮੱਰਥਾ, ਪੱਕਿਆਂ ਕਰਦੀ ਹੈ ਕਿ ਇਹ ਬਾਣੀ "ਗੁਰੂ" ਰੂਪ ਹੈ। ਜਿਸ ਤਰ੍ਹਾਂ ਧੁੱਪ ਵਿਚੋਂ ਗਰਮੀ, ਰੋਸ਼ਨੀ, ਸ਼ਕਤੀ ਅਤੇ ਜੀਵਨ-ਰੌ ਨਿਖੇੜੀ ਨਹੀਂ ਜਾ ਸਕਦੀ ਇਸੇ ਤਰ੍ਹਾਂ ਇਸ ਇਲਾਹੀ 'ਪ੍ਰਕਾਸ਼' ਦੀ ਰੌ ਵਿਚੋਂ 'ਬਾਣੀ', 'ਸ਼ਬਦ', 'ਨਾਮ', 'ਅੰਮ੍ਰਿਤ', 'ਹੁਕਮ', 'ਹਰਿ-ਰਸ', 'ਸ਼ਕਤੀ', 'ਰਾਗ', 'ਨਾਦ', 'ਧੁਨ', 'ਪ੍ਰੇਮ' ਆਦਿ ਇਸ ਤਰ੍ਹਾਂ ਤਾਣੇ ਪੇਟੇ ਓਤ-ਪੋਤ ਦੀ ਨਿਆਈਂ ਮਿਲੇ-ਜੁਲੇ ਅਤੇ ਸਮਾਏ ਹੋਏ ਹਨ ਕਿ ਇਹਨਾਂ ਨੂੰ ਨਿਖੇੜਿਆ ਨਹੀਂ ਜਾ ਸਕਦਾ।

ਇਹ ਸਾਰੀ ਇਲਾਹੀ ਖੇਲ - ਪ੍ਰਿਮ ਦੀ ਅਕਾਲ ਪੁਰਖ ਦੇ 'ਗੁਰ-ਪਰਸਾਦ' ਦੀ ਦਾਤਿ ਹੈ। ਵਧੇਰੇ ਸਪੱਸ਼ਟ ਕਰਨ ਲਈ ਗੁਰਬਾਣੀ ਦਾ ਹੀ ਆਸਰਾ ਲੈਣਾ ਠੀਕ ਹੋਵੇਗਾ।

ਅਨਹਦ ਬਾਣੀ ਸਬਦੁ ਵਜਾਏ ।੭॥
[ਗਉੜੀ ਮ: ੩, ਪੰਨਾ ੨੩੧

ਅਨਹਦ ਬਾਣੀ ਨਾਦੁ ਵਜਾਇਆ ॥੩॥੧੭॥
[ਆਸਾ ਮ: ੫, ਪੰਨਾ ੩੭੫

ਸਚੁ ਬਾਣੀ ਗੁਰ ਸਬਦੁ ਸੁਣਾਏ ॥੪॥੫੦॥
[ਆਸਾ ਮ: ੩, ਪੰਨਾ ੩੬੪

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥
੨॥(੧) [ਮ: ੩, ਸੋਰਠ ਕੀ ਵਾਰ, ਪੰ:੬੪੬

ਸਬਦੇ ਉਪਜੈ ਅੰਮ੍ਰਿਤ ਬਾਣੀ
ਗੁਰਮੁਖਿ ਆਖਿ ਸੁਣਾਵਣਿਆ ॥੩॥੨੬॥੨੭॥
[ਮਾਝ ਮ: ੩, ਪੰਨਾ ੧੨੫

ਗੁਰ ਕੀ ਬਾਣੀ ਨਾਮਿ ਵਜਾਏ ॥੪॥੫॥੫੪॥
[ਆਸਾ ਮ: ੩, ਪੰਨਾ ੩੬੨

ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥੪॥
[ਪਉੜੀ, ਸਾਰੰਗ ਕੀ ਵਾਰ, ਪੰ: ੧੨੩੯

ਅੰਮ੍ਰਿਤੁ ਤੇਰੀ ਬਾਣੀਆ ॥
ਤੇਰਿਆ ਭਗਤਾ ਰਿਦੈ ਸਮਾਣੀਆ ॥੧੨॥
[ਸਿਰੀ ਰਾਗੁ ਮ: ੧, ਪੰਨਾ ੭੨

ਅੰਮ੍ਰਿਤ ਬਾਣੀ ਮੰਨਿ ਵਸਾਏ
ਅੰਮ੍ਰਿਤ ਨਾਮੁ ਧਿਆਵਣਿਆ ॥੧॥ਰਹਾਉ॥
[ਮਾਝ ਮ: ੩, ਪੰਨਾ ੧੧੮

ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ ॥



www.AKJ.Org

ਸਤਿਗੁਰਿ ਸੇਵੀਐ ਰਿਦੈ ਸਮਾਣੀ ॥੮॥੧੫॥

[ਮਾਝ ਮ. ੩, ਪੰਨਾ ੧੧੯

ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥
ਅਨਦਿਨੁ ਹਰਿ ਕਾ ਨਾਮੁ ਵਖਾਣੀ ॥੧੦॥

[ਮਾਰੂ ਮ: ੩, ਪੰਨਾ ੧੦੫੭

ਹੁਕਮੇ ਵਰਤੈ ਅੰਮ੍ਰਿਤ ਬਾਣੀ
ਹੁਕਮੇ ਅੰਮ੍ਰਿਤੁ ਪੀਆਵਣਿਆ ॥੪॥

ਮਾਝ ਮ: ੩, ਪੰਨਾ ੧੧੮

ਹਰਿ ਪ੍ਰੇਮ ਬਾਣੀ ਮਨੁ ਮਾਰਿਆ
ਅਣੀਆਲੇ ਅਣੀਆ ਰਾਮ ਰਾਜੇ ॥੨॥੮॥੧੫॥

[ਆਸਾ ਮ: ੪ ਛੰਤ, ਪੰਨਾ ੪੪੯

ਤਹ ਅਨਹਦ ਸਬਦ ਵਜਹਿ ਧੁਨਿ ਬਾਣੀ
ਸਹਜੇ ਸਹਜਿ ਸਮਾਈ ਹੇ ॥੬॥

[ਮਾਰੂ ਸੋਲਹੇ ਮ: ੪, ਪੰਨਾ ੧੦੬੯

ਸਹਜ ਅਨਦ ਅਨਹਦ ਧੁਨਿ ਬਾਣੀ
ਬਹੁਰਿ ਨ ਭਏ ਬਿਖਾਦ ॥੧॥੮੦॥੧੦੩॥

[ਸਾਰੰਗ ਮ: ੫, ਪੰਨਾ ੧੨੨੪

ਇਸੇ ਇਲਾਹੀ ਪ੍ਰਕਾਸ਼ ਮਈ ਮੰਡਲ ਨੂੰ, ਜਿਥੇ ਸਦਾ ਸਤਿਸੰਗ, ਹਰੀਗੁਣ-ਗਾਇਣ ਅਤੇ ਅਤੁਟ ਕੀਰਤਨ ਹੁੰਦਾ ਰਹਿੰਦਾ ਹੈ, ਬਾਣੀ ਸੱਚਖੰਡ, ਸੰਤ ਮੰਡਲੀ, ਨਿਜ ਘਰ, ਬੇਗਮਪੁਰਾ, ਆਦਿ ਕਹਿੰਦੀ ਹੈ। ਦੁਨਿਆਵੀ-ਮਾਇਕੀ ਲੋਕਾਂ ਦੀ ਇਥੇ ਪਹੁੰਚ ਨਹੀਂ। ਅਸੀਂ ਸਿਰਫ਼ ਅਖਰੀ ਬਾਣੀ ਦੁਆਰਾ ਤੇ ਗੁਰਮੁਖਾਂ ਦੀ ਸੰਗਤ ਦੁਆਰਾ ਹੀ ਉਸ ਇਲਾਹੀ ਮੰਡਲ ਦੀ ਖੇਲ ਦੀ ਸੋਇ ਸੁਣ ਕੇ ਆਪਣੇ ਅੰਤਕੀ ਦਿਮਾਗ ਨਾਲ ਅੰਦਾਜ਼ਾ ਲਾਉਂਦੇ ਹਾਂ, ਜੋ ਨਿਰ-ਸੰਦੇਹ ਅਧੂਰਾ, ਮਿਤ ਵਾਲਾ ਜਾਂ ਗ਼ਲਤ ਹੋ ਸਕਦਾ ਹੈ। ਗੁਰੂ ਨਾਨਕ ਸਾਹਿਬ ਆਪ ਜੋਤਿ ਸਰੂਪ ਸਨ, ਸ਼ਬਦ ਸਰੂਪ ਸਨ, ਪਰ ਸਾਡੇ ਕਲਜੁਗੀ ਜੀਵਾਂ ਤੇ ਤਰਸ ਕਰ ਕੇ, ਤਰੁੱਠ ਕੇ, ਉਨ੍ਹਾਂ ਪੰਜ-ਭੂਤਕ ਸਰੀਰ ਧਾਰਿਆ; ਇਸ ਲਈ ਕਿ ਸਾਨੂੰ ਇਨ੍ਹਾਂ ਅੱਖਾਂ ਨਾਲ ਦਰਸ਼ਨ ਕਰ ਕੇ, ਇਨ੍ਹਾਂ ਕੰਨਾਂ ਨਾਲ ਉਹਨਾਂ ਦੇ ਮੁਖਾਰਬਿੰਦ ਤੋਂ ਬਚਨ-'ਬਾਣੀ' ਸੁਣ ਕੇ ਸ਼ਰਧਾ ਉਪਜੇ, ਅਤੇ ਇਉਂ ਅਸੀਂ ਉਨ੍ਹਾਂ ਦੀ ਆਤਮਕ ਅਗਵਾਈ ਦੀ ਰੋਸ਼ਨੀ ਵਿਚ ਆਪਣੇ ਜੀਵਨ ਨੂੰ ਢਾਲ ਕੇ, 'ਬ੍ਰਹਮ ਮੰਡਲ' ਵਿਚ ਪੁਜਣ ਲਈ ਸਤਸੰਗਤ ਦੀ ਓਟ ਲੈ ਕੇ ਕੋਈ ਉਦਮ ਕਰੀਏ। ਹੁਣ ਗੁਰੂ ਜੀ ਦਾ ਪੰਜ-ਭੂਤਕ ਸਰੀਰ ਤਾਂ ਨਹੀਂ, ਪਰ ਉਹਨਾਂ ਨੇ ਆਪਣਾ 'ਪ੍ਰਕਾਸ਼', 'ਗਿਆਨ' ਦੀਖਿਆ ਰੂਪ ਗੁਰਬਾਣੀ, ਸਾਡੀ ਅਗਵਾਈ ਲਈ ਬਖਸ਼ੀ ਹੈ। ਇਸ ਬਿਨਾਂ ਸਾਡੇ ਕੋਲ ਕੋਈ ਸੱਚੀ-ਸੁੱਚੀ ਅਤੇ ਸਹੀ ਅਗਵਾਈ ਨਹੀਂ ਹੈ। ਸੋ ਅਸਾਂ 'ਬਾਣੀ ਰੂਪ' ਗੁਰੂ ਦੇ ਚਰਨਾਂ ਵਿਚ ਬੈਠ ਕੇ ਗੁਰਬਾਣੀ ਦੀ ਅਗਵਾਈ ਤੇ ਰੌਸ਼ਨੀ ਵਿਚ ਜੀਵਨ ਨੂੰ ਸੇਧ ਦੇਣੀ ਹੈ।

( ੨ )

ਗੁਰਬਾਣੀ ਪੜ੍ਹਨ, ਕੀਰਤਨ ਕਰਨ ਅਤੇ ਸੁਣਨ ਦੁਆਰਾ, ਮਨ ਨੂੰ ਨਾਮ-ਰੰਗਣ ਵਿਚ ਰੰਗੀਦਾ ਹੈ। ਅਜੋਕੀ ਗੁਰਬਾਣੀ ਦੀ "ਛੋਹ" ਤਦ ਹੀ ਪ੍ਰਾਪਤ ਹੋ ਸਕਦੀ ਹੈ ਜੇਕਰ ਅਸੀਂ ਗੁਰਬਾਣੀ ਦੇ ਅਰਥਾਂ ਵਲ ਧਿਆਨ ਦੇਈਏ, ਨਹੀਂ ਤਾਂ ਅਸੀਂ ਗੁਰਬਾਣੀ ਦੀ 'ਆਤਮ ਕਲਾ' ਨਾਲ ਨਹੀਂ ਛੋਂਹਦੇ ਅਤੇ ਸਾਡੇ ਮਨ ਤੇ ਗੁਰਬਾਣੀ ਦਾ ਬਹੁਤ ਥੋੜਾ ਜਾਂ ਉਕਾ ਹੀ ਅਸਰ ਨਹੀਂ ਹੁੰਦਾ। ਇਹੋ ਕਾਰਨ ਹੈ ਕਿ ਇਸ ਜੁੱਗ ਵਿਚ ਅਨਗਿਣਤ ਗੁਰਦੁਆਰਿਆਂ ਦੇ ਹੁੰਦਿਆਂ ਹੋਇਆਂ ਅਤੇ ਬੇਅੰਤ ਪਾਠ, ਸਹਿਜ ਪਾਠ ਜਾਂ ਅਖੰਡ ਪਾਠ, ਕੀਰਤਨ, ਰੈਣ ਸਬਾਈਆਂ ਹੋਣ ਦੇ ਉਪਰੰਤ ਅਸੀਂ ਗੁਰਸਿਖੀ ਤੋਂ ਦੁਰੇਡੇ ਅਤੇ ਬੇਮੁਖ ਹੋ ਰਹੇ ਹਾਂ। ਗੱਲ ਨਿਰੋਲ 'ਧਿਆਨ' ਦੀ ਹੈ। 'ਧਿਆਨ' ਬਿਨਾਂ ਪਾਠ ਤੋਤੇ ਵਾਂਗੂ ਰਟਨ ਹੈ, ਜਿਸ ਕਰਕੇ ਸਾਡਾ ਮਨ ਗੁਰਬਾਣੀ ਨਾਲ ਨਹੀਂ ਛੋਂਹਦਾ ਅਤੇ ਇਸ ਛੋਹ ਬਿਨਾਂ ਮਨ ਉਤੇ ਗੁਰਬਾਣੀ ਦੀ ਪਾਰਸ-ਕਲਾ ਨਹੀਂ ਵਰਤਦੀ। ਇਹੀ ਕਾਰਨ ਹੈ ਜੋ ਸਾਰੀ ਉਮਰ ਅਨੇਕਾਂ ਪਾਠ ਕਰਦਿਆਂ, ਸੁਣਦਿਆਂ ਹੋਇਆਂ ਵੀ ਸਾਡੀ ਮਾਨਸਕ ਤੇ ਆਤਮਕ ਹਾਲਤ ਨਹੀਂ ਬਦਲਦੀ, ਉਚੇਰੀ ਨਹੀਂ ਉਠਦੀ ਅਤੇ 'ਆਤਮਕ ਜੀਵਨ', ਗੁਰਸਿਖੀ ਤੋਂ ਵਾਂਜੇ ਰਹਿੰਦੇ ਹਨ।


www.AKJ.Org

"ਇਹ ਬਾਣੀ ਜੋ ਜੀਅਹੁ ਜਾਣੈ, ਤਿਸੁ ਅੰਤਰਿ ਰਵੈ ਹਰਿਨਾਮਾ"* ਦੀ ਪਾਰਸ-ਕਲ ਨੂੰ ਛੋਹੇਗਾ ਤਾਂ ਅਵੱਸ਼ ਹੀ ਸਾਡੇ ਮਨ ਪਰ ਆਤਮ-ਕਲਾ ਵਰਤਣੀ ਸ਼ੁਰੂ ਹੋ ਜਾਵੇਗੀ, ਸਾਡਾ ਮਾਨਸਕ ਅਤੇ ਆਤਮਕ ਜੀਵਨ ਬਦਲੇਗਾ । ਕਿਸੇ ਸੁਭਾਗੇ ਸਮੇਂ ਸਾਡੇ ਅੰਤਰ ਵੀ ਨਾਮ ਦਾ ਪ੍ਰਕਾਸ਼ ਹੋ ਸਕਦਾ ਹੈ। ਸਾਡਾ ਧਿਆਨ, ਪਹਿਲਾਂ ਪਹਿਲ ਬਾਣੀ ਦੇ ਲਫ਼ਜ਼ੀ ਅਰਥਾਂ ਵਲ ਹੋਵੇਗਾ ਅਤੇ ਫਿਰ ਸਹਿਜੇ ਸਹਿਜੇ ਬਾਣੀ ਦੇ 'ਭਾਵ ਅਰਥਾਂ' ਤੋਂ 'ਅੰਤਰੀਵ ਭਾਵ' ਵਲ ਮੋੜ ਖਾਂਦਾ ਹੋਇਆ ਬਾਣੀ ਵਿਚ ਹੀ ਲੀਨ ਹੁੰਦਾ ਜਾਵੇਗਾ। ਕਿਉਂਕਿ ਇਸ 'ਧੁਰ ਕੀ ਬਾਣੀ' ਵਿਚ ਇਲਾਹੀ-ਰਸ, ਇਲਾਹੀ-ਰੰਗ, ਇਲਾਹੀ-ਪਿਆਰ, ਇਲਾਹੀ-ਉਮਾਹ ਅਤੇ ਵਿਸਮਾਦੀ ਅਵਸਥਾ ਭਰਪੂਰ ਹੈ, ਇਸ ਲਈ ਜਿਸ ਗੁਰਮੁਖ ਨੇ ਇਸ ਇਲਾਹੀ ਬਾਣੀ ਨੂੰ 'ਪਰਸਿਆ' ਹੈ ਅਤੇ 'ਜੀਅਹੁ ਜਾਨਿਆ' ਹੈ, ਉਸ ਦੇ ਜੀਵਨ ਵਿਚ ਇਹ ਸਾਰੇ ਇਲਾਹੀ ਗੁਣ, ਅਥਵਾ ਰੰਗ, ਰਸ, ਪ੍ਰੇਮ, ਉਮਾਹ, ਉਤਸ਼ਾਹ, ਸੇਵਾ ਭਾਵ ਆਦਿ ਸਹਿਜੇ ਹੀ ਪ੍ਰਗਟ ਹੋ ਜਾਂਦੇ ਹਨ। ਉਹਨਾਂ ਦੇ 'ਅੰਤਰਿ ਰਵੈ ਹਰਿਨਾਮਾ' ਹੋ ਕੇ ਉਹਨਾਂ ਦਾ ਆਪਾ ਇਲਾਹੀ ਰਸ, ਸੁਆਦ, ਪਿਆਰ ਵਿਚ ਡੁਲ੍ਹ ਡੁਲ੍ਹ ਪੈਂਦਾ ਹੈ।

*ਬਿਲਾਵਲੁ ਮ: ੩, ਪੰਨਾ ੭੯੭.

ਇਸ ਤਰ੍ਹਾਂ 'ਧਿਆਨ' ਨਾਲ ਬਾਣੀ ਦਾ ਪਾਠ ਕਰਦਿਆਂ, ਸਾਧ-ਸੰਗਤ ਕਰਦਿਆਂ ਅਤੇ ਨਾਮ ਅਭਿਆਸ ਕਰਦਿਆਂ ਸਾਡੇ ਮਨ ਦੀ ਮੈਲ ਸਹਿਜੇ ਸਹਿਜੇ ਕਟੀ ਜਾਣੀ ਸ਼ੁਰੂ ਹੋਵੇਗੀ । ਕਿਸੇ ਨਾਮੀ ਨਾਲ ਬਾਣੀ ਅਤੇ ਸ਼ਬਦ ਦਾ ਅਭਿਆਸ ਕਰਦਿਆਂ ਮਨ ਦੀ ਮੈਲ ਦੇ ਬੱਦਲ ਫਟਣੇ ਸ਼ੁਰੂ ਹੋ ਜਾਣਗੇ। ਸਾਡੀ ਆਤਮਾ ਵਿਚ ਕਦੇ ਕਦੇ 'ਨਾਮ-ਰੌ', ਇਲਾਹੀ ਬਿਜਲੀ ਦੀਆਂ ਲਿਸ਼ਕਾਂ, ਨਾਨਕ ਝਲਕਾਰੇ ਦਾ ਪ੍ਰਕਾਸ਼ ਹੋਣਾ ਸ਼ੁਰੂ ਹੋ ਜਾਵੇਗਾ । ਫੇਰ ਸਹਿਜੇ ਸਹਿਜੇ ਇਹ 'ਇਲਾਹੀ ਲਿਸ਼ਕਾਂ' ਛੇਤੀ ਛੇਤੀ ਝਲਕਾਰੇ ਮਾਰਨਗੀਆਂ ਅਤੇ ਫੇਰ ਜਦ ਸਾਰੀ ਮੈਲ, ਮਾਇਕੀ ਬੱਦਲ ਉਡ ਗਏ ਤਾਂ ਗੁਰ ਪਰਸਾਦਿ ਦੁਆਰਾ ਕਿਸੇ ਸੁਭਾਗੇ ਦਿਹਾੜੇ "ਆਤਮ ਪ੍ਰਕਾਸ਼" ਪ੍ਰਜਵੱਲਤ ਹੋ ਜਾਵੇਗਾ, ਜਿਸ ਨੂੰ ਬਾਣੀ ਵਿਚ "ਅਨੁਭਵ ਪ੍ਰਕਾਸ਼" ਕਿਹਾ ਹੈ। ਇਸ ਹਾਲਤ ਵਿਚ ਸਾਡੇ ਤੇ "ਇਹ ਬਾਣੀ ਜੋ ਜੀਅਹੁ ਜਾਣੈ" ਵਾਲੀ ਖੇਡ ਵਰਤੇਗੀ ਅਤੇ ਫੇਰ "ਤਿਸੁ ਅੰਤਰਿ ਰਵੈ ਹਰਿਨਾਮਾ"। ਇਉਂ ਸਾਡੇ ਅੰਦਰ ਨਾਮ ਦਾ ਪ੍ਰਕਾਸ਼ ਹੋ ਜਾਏਗਾ।

"ਗੁਰ ਸਬਦੀ ਗੋਵਿਦੁ ਗਜਿਆ"† ਤੇ ਸਾਡਾ ਜੀਵਨ ਸਫਲ ਹੋ ਜਾਏਗਾ।

†ਕਾਨੜੇ ਕੀ ਵਾਰ, ਪਉੜੀ ੫, ਪੰਨਾ ੧੩੧੫

## ਅੰਤਲੇ ਦਿਨਾਂ ਵਿਚ ਬੱਚਿਆਂ ਦੇ ਨਾਮ ਸੰਦੇਸ਼

ਪ੍ਰਿੰਸੀਪਲ ਨਿਰੰਜਨ ਸਿੰਘ ਜੀ ਮਾਰਚ ਦੇ ਅੰਤਲੇ ਦਿਨਾਂ ਵਿਚ ਪਰਲੋਕ ਗਮਨ ਕਰ ਗਏ ਹਨ। ਉਨ੍ਹਾਂ ਨੇ 21–2–79 ਨੂੰ ਆਪਣੇ ਮਿੱਤਰ ਜੋਗਿੰਦਰ ਸਿੰਘ ਸੇਠੀਆ ਨੂੰ ਇਕ ਪਤਰਕਾ ਵਿਚ ਆਪਣੇ ਵਿਚਾਰ ਭੇਜਦਿਆਂ ਲਿਖਿਆ ਹੈ :–

"ਜਿਧਰ ਦੇਖਤਾ ਹੂੰ ਉਧਰ ਤੂੰ ਹੀ ਤੂੰ ਹੈਂ । ਤੇਰੀ ਹੀ ਰੰਗਤ ਤੇਰੀ ਹੀ ਬੂ ਹੈ।"

ਕੋਈ ਪੁਰਬ ਮਨਾਓ, ਕੋਈ ਬੱਚਿਆਂ ਦਾ ਸਾਲ ਮਨਾਓ, ਧਿਆਨ ਰਖਣ ਵਾਲੀ ਅਸਲ ਗੱਲ ਤਾਂ ਇਹੋ ਹੈ :–

ਨਾਮੁ ਜਪਹੁ ਮੇਰੇ ਸਾਜਨ ਸੈਨਾ ॥
ਨਾਮ ਬਿਨਾ ਮੈ ਅਵਰੁ ਨ ਕੋਈ, ਵਡੈ ਭਾਗਿ ਗੁਰਮੁਖਿ ਹਰਿ ਲੈਨਾ ॥

ਕੋਈ ਰਾਹ ਕਢੋ, ਨਵੀਂ ਪਨੀਰੀ ਨੂੰ ਰਾਜਸੀ ਵਾਤਾਵਰਨ ਤੋਂ ਬਚਾ ਕੇ ਸਿਮਰਨ ਅਤੇ ਸੇਵਾ ਦੇ ਰਾਹ ਤੇ ਪਾਉ। ਗੁਰੂਆਂ ਦਾ ਦਸਿਆ ਮਾਰਗ ਅਤੇ ਸੱਚਾ ਧਰਮੀ ਜੀਵਨ ਇਸੇ ਵਿਚ ਹੈ।

www.AKJ.Org

# ਕਲਿਜੁਗ ਕੀ ਸੁਣ ਸਾਧਨਾ

## ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥

[ਵਲੋਂ—ਪ੍ਰਿੰਸੀਪਲ ਗੁਰਮੁਖ ਸਿੰਘ ਜੀ, ਗੁਰਮਤਿ ਕਾਲਜ, ਪਟਿਆਲਾ]

( ੧ )

ਕਲਿਜੁਗ ਕੀ ਸੁਣ ਸਾਧਨਾ
ਕਰਮ ਕਿਰਤ ਕੀ ਚਲੈ ਨ ਕਾਈ ॥
ਬਿਨਾ ਭਜਨ ਭਗਵਾਨ ਕੇ
ਭਾਉ ਭਗਤਿ ਬਿਨੁ ਠੌਰ ਨ ਕਾਈ ॥
ਲਹੇ ਕਮਾਣਾ ਏਤ ਜੁਗਿ
ਪਿਛਲੀ ਜੁੱਗੀਂ ਕਰੀ ਕਮਾਈ ॥
ਪਾਇਆ ਮਾਨਸ ਦੇਹਿ ਕਉ
ਐਥੋਂ ਚੁਕਿਆ ਠੌਰ ਨ ਠਾਈ ॥
ਕਲਿਜੁਗ ਕੇ ਉਪਕਾਰ ਸੁਣਿ
ਜੈਸੇ ਬੇਦ ਅਥਰਬਣ ਗਾਈ ॥
ਭਾਉ ਭਗਤਿ ਪਰਵਾਣ ਹੈ
ਜਗ ਹੋਮ ਤੇ ਪੁਰਬ ਕਮਾਈ ॥
ਕਰਿ ਕੇ ਨੀਚ ਸਦਾਵਣਾ
ਤਾ ਪ੍ਰਭੁ ਲੇਖੈ ਅੰਦਰਿ ਪਾਈ ॥
ਕਲਿਜੁਗ ਨਾਵੈ ਕੀ ਵਡਿਆਈ ॥੧੬॥

[ਭਾਈ ਗੁਰਦਾਸ ਜੀ, ਵਾਰ ੧

ਜੁਗ ਗਰਦੀ ਜਬ ਹੋਵਹੇ
ਉਲਟੇ ਜੁਗੁ ਕਿਆ ਹੋਇ ਵਰਤਾਰਾ ॥
ਉਠੇ ਗਿਲਾਨਿ ਜਗਤ ਵਿਚਿ
ਵਰਤੇ ਪਾਪ ਭ੍ਰਿਸਟਿ ਸੰਸਾਰਾ ॥
ਵਰਨਾ ਵਰਨ ਨ ਭਾਵਨੀ
ਖਹਿ ਖਹਿ ਜਲਨ ਬਾਂਸ ਅੰਗਿਆਰਾ ॥
ਨਿੰਦਿਆ ਚਲੇ ਵੇਦ ਕੀ
ਸਮਝਨਿ ਨਹਿ ਅਗਿਆਨ ਗੁਬਾਰਾ ॥
ਬੇਦ ਗਿਰੰਥ ਗੁਰ ਹਟਿ ਹੈ
ਜਿਸੁ ਲਗਿ ਭਵਜਲ ਪਾਰਿ ਉਤਾਰਾ ॥
ਸਤਿਗੁਰ ਬਾਝੁ ਨ ਬੁਝੀਐ
ਜਿਚਰੁ ਧਰੇ ਨ ਪ੍ਰਭੁ ਅਵਤਾਰਾ ॥
ਗੁਰ ਪਰਮੇਸਰੁ ਇਕੁ ਹੈ
ਸਚਾ ਸਾਹੁ ਜਗਤੁ ਬਣਜਾਰਾ ॥
ਚੜੇ ਸੂਰ ਮਿਟਿ ਜਾਇ ਅੰਧਾਰਾ ॥੧੭॥

[ਭਾਈ ਗੁਰਦਾਸ ਜੀ, ਵਾਰ ੧

ਸ੍ਰੀ ਗੁਰੂ ਨਾਨਕ ਦੇਵ ਜੀ ਕਲਿਜੁਗ ਅਤੇ ਕਲਜੁਗੀ ਦਸ਼ਾ ਬਾਰੇ ਆਪਣੀ ਮੁਢਲੀ ਬਾਣੀ ਸੀ ਆਸਾ ਦੀ ਵਾਰ ਦੇ ਤੇਰ੍ਹਵੇਂ ਸਲੋਕ ਵਿਚ ਬੜੇ ਸਪੱਸ਼ਟ ਸ਼ਬਦਾਂ ਵਿਚ ਫੁਰਮਾਂਦੇ ਹਨ :—

ਨਾਨਕੁ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹ । ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥ ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥ ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥ ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥ ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥੧॥(੧੩)

[ਆਸਾ ਦੀ ਵਾਰ, ਪੰਨਾ ੪੭੧

ਉਪਰੋਕਤ ਦਸ਼ਾ ਕੇਵਲ ਇਸ ਮਾਤ ਲੋਕ ਬਾਰੇ ਹੈ, ਜਿਸ ਵਿਚ ਰਚਨਾ ਦੇ ਆਦਿ ਤੋਂ ਤੁਰੀ ਆ ਰਹੀ ਮਨੁਖੀ ਜੀਵਨ-ਧਾਰਾ ਵਖ ਵਖ ਪੜ੍ਹਾਵਾਂ ਵਿਚ ਦੀ ਲੰਘਦੀ ਬਿਆਨੀ ਗਈ ਹੈ। ਮਨੂੰ ਨੇ ਜੁਗਾਂ ਨੂੰ ਚਾਰ ਹਿਸਿਆਂ ਵਿਚ ਵੰਡਿਆਂ ਹੈ, ਅਤੇ ਹਰ ਇਕ ਦਾ ਸਮਾਂ-ਕਾਲ ਭੀ ਮਨੁਖੀ ਸਾਲਾਂ ਅਨੁਸਾਰ ਦਿਤਾ ਹੈ। ਹਰ ਇਕ ਯੁਗ ਦੀ ਵਿਸ਼ੇਸ਼ਤਾ ਅਤੇ ਲੱਛਣ ਭੀ ਵਰਨੇ ਹਨ। "ਪੁਰਾਣਾਂ ਅਨੁਸਾਰ ਸਤਯੁਗ ਵਿਚ ਧਿਆਨ, ਤ੍ਰੇਤਾ ਵਿਚ ਯਗਜ, ਦ੍ਵਾਪਰਿ ਵਿਚ ਪੂਜਨ ਅਤੇ


www.AKJ.Org

ਕਲਿਯੁਗ ਵਿਚ ਹਰਿਨਾਮ ਕੀਰਤਨ'' ਦੀ ਪ੍ਰਧਾਨਤਾ ਮੰਨੀ ਗਈ ਹੈ ਅਤੇ ਇਸ ਨੂੰ ਯੁਗ-ਧਰਮ ਦਾ ਨਾਮ ਦਿਤਾ ਹੈ।

'ਮਹਾਨ ਕੋਸ਼' ਦੂਜੀ ਛਾਪ, ਪੰਨਾ ੭੫੬

ਉਪਰੋਕਤ ਸਲੋਕ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਹਰ ਜੁਗ ਅੰਦਰ ਕੰਮ ਕਰ ਰਹੀ (Driving force) ਵਲ ਸੰਕੇਤ ਕਰਦੇ ਹਨ ਅਤੇ ਇਹ ਦ੍ਰਿੜ੍ਹ ਕਰਾਂਦੇ ਹਨ ਕਿ ਹਰ ਇਕ ਯੁਗ ਵਿਚ ਮਨੋਬ੍ਰਿਤੀਆਂ ਦੇ ਪਲਟ ਜਾਣ ਨਾਲ ਮਨੁਖੀ ਸੁਭਾਅ ਅੰਦਰ ਤਬਦੀਲੀ ਆ ਜਾਣੀ ਸੁਭਾਵਕ ਹੈ।

ਉਪਰੋਕਤ ਬਾਣੀ ਦੇ ਪ੍ਰਮਾਣ ਤੋਂ ਇਕ ਅਲੰਕਾਰ ਰਾਹੀਂ ਸਮਝਾਇਆ ਗਿਆ ਹੈ ਕਿ ਮਨੁਖੀ ਸਮਾਜ ਨੂੰ ਯੁਗ-ਪੰਧ ਤੈਅ ਕਰਨ ਲਈ ਇਕ ਅਲੰਕਾਰਕ ਰੱਥ ਮਿਲਦਾ ਹੈ, ਜਿਸ ਨੂੰ ਗਤੀਸ਼ੀਲ ਰੱਖਣ ਲਈ ਇਕ ਮੋਟਰ-ਬਲ ਭੀ ਰੱਥ ਦੇ ਨਾਲ ਜੁੜਿਆ ਹੋਇਆ ਹੁੰਦਾ ਹੈ। ਭਾਵ ਮਨੁਖੀ ਸਮਾਜ ਜੋ ਇਕ ਵਾਰੀ ਇਸ ਰੱਥ ਵਿਚ ਸਵਾਰ ਹੋ ਜਾਏ ਤਾਂ ਉਸ ਦੇ ਆਪਣੇ ਵਸ ਵਿਚ ਕੁਝ ਨਹੀਂ ਹੁੰਦਾ। ਸਮਾਜ ਦੀ ਭੇਡਾ-ਚਾਲ ਤਾਂ ਉਂਜ ਭੀ ਪਰਸਿਧ ਹੈ, ਪਰ ਯੁਗ-ਰੱਥ ਦੀ ਬਣਾਵਟ ਅਤੇ ਉਸ ਦਾ ਮੋਟਰ-ਬਲ ਇਹ ਦੋਵੇਂ ਮਨੁਖੀ ਸਮਾਜ ਦੇ ਵਸ ਤੋਂ ਬਾਹਰ ਚੀਜ਼ਾਂ ਹਨ। ਅਤੇ ''ਗਿਆਨੀ ਬੁਝਹਿ ਤਾਹਿ''। ਕੇਵਲ ਪ੍ਰਭੂ ਦੇ ਗਿਆਨੀ ਹੀ ਇਸ ਭੇਦ ਨੂੰ ਜਾਣਦੇ ਹਨ ਕਿ ''ਜੁਗੁ ਜੁਗੁ ਫੇਰਿ ਵਟਾਈਅਹਿ'' ਦੀ ਕ੍ਰਿਆ ਜਾਰੀ ਰਹਿੰਦੀ ਹੈ।

ਸੋ ਕਲਿਜੁਗ ਦਾ ਵਰਤਾਰਾ ਮਨੁਖੀ ਵਸ ਤੋਂ ਬਾਹਰ ਦੀ ਖੇਡ ਦਸੀ ਗਈ ਹੈ। ਇਸ ਖੇਲ ਅਨੁਸਾਰ ਸਤਜੁਗ ਅੰਦਰ ਸੰਤੋਖ ਦੇ ਰੱਥ ਦਾ ਮੋਟਰ-ਬਲ 'ਧਰਮ' ਦਸਿਆ ਹੈ, ਤ੍ਰੇਤੇ ਦੇ ਜਤ ਦੇ ਰੱਥ ਦਾ ਮੋਟਰ-ਬਲ 'ਜੋਰੁ' ਦਸਿਆ ਹੈ, ਦੁਆਪਰ ਦੇ ਤਪ ਦੇ ਰੱਥ ਦਾ ਮੋਟਰ-ਬਲ 'ਸਤੁ' ਹੈ। ਅਤੇ ਇਸੇ ਲੜੀ ਅੰਦਰ ਵਰਤਮਾਨ ਕਲਜੁਗੀ ਰੱਥ ਤ੍ਰਿਸ਼ਨਾ ਰੂਪੀ ਅਗਨੀ ਦਾ ਬਣਿਆ ਹੋਇਆ ਹੈ ਅਤੇ ਇਸ ਦਾ ਮੋਟਰ-ਬਲ 'ਕੂੜੁ' ਹੈ। ਇਹ ਅਲੰਕਾਰ ਬੜੇ ਵਿਸ਼ਾਲ ਹਨ। ਇਸ ਤਰ੍ਹਾਂ ਯੁੱਗ-ਸੁਭਾਅ ਨੂੰ ਅਲੰਕਾਰਕ ਭਾਸ਼ਾ ਵਿਚ ਬਿਆਨ ਕਰਨਾ ਧਨਾਸਰੀ ਰਾਗ ਵਿਚ ਆਰਤੀ ਵਾਂਗ ਰਚਨਾ ਜਾਪਦੀ ਹੈ। ਗੁਰੂਦੇਵ ਜੀ ਦੀ ਕਲਪਨਾ ਬੜੀ ਵਿਸ਼ਾਲ ਅਤੇ ਡੂੰਘੀ ਹੈ। ਜੁਗ ਜੁਗ ਅੰਦਰ ਜੀਵਨ-ਆਦਰਸ਼ ਕੀ ਹੁੰਦੇ ਰਹੇ ਹਨ, ਇਸ ਦਾ ਪ੍ਰਗਟਾਅ ਇਤਨੇ ਸੰਕੋਚਵੇਂ ਸ਼ਬਦਾਂ ਵਿਚ ਕਰ ਜਾਣਾ ਸਿਧ ਕਰਦਾ ਹੈ ਕਿ ਗੁਰਦੇਵ ਜੁਗਾਂ ਜੁਗਾਂ ਉਤੇ ਬਾਹਰਮੁਖੀ ਦ੍ਰਿਸ਼ਟੀ ਪਾ ਕੇ ਉਸ ਦੇ ਚਰਿੱਤਰ ਨੂੰ ਕੁਝ ਸ਼ਬਦਾਂ ਵਿਚ ਹੀ ਕਹਿ ਸਕਦੇ ਸਨ। ਸਤਜੁਗ ਵਿਚ ਸਤਿ-ਸੰਤੋਖੀ ਬਣਨਾ ਜੀਵਨ-ਆਦਰਸ਼ ਸੀ, ਤ੍ਰੇਤੇ ਵਿਚ ਜਤੁ ਸਤੁ ਰਖਣਾ ਅਤੇ ਸੂਰਬੀਰ ਬਣਨਾ ਜੀਵਨ-ਆਦਰਸ਼ ਸੀ। ਦੁਆਪੁਰ ਵਿਚ ਤਪ ਕਰਨਾ, ਕਈ ਪ੍ਰਕਾਰੀ ਕਰਮ ਕਰਨੇ ਅਤੇ ਦਾਨ ਪੁੰਨ ਕਰਨਾ ਹੀ ਆਦਰਸ਼ਕ ਜੀਵਨ ਮੰਨਿਆ ਜਾਂਦਾ ਸੀ। ਪਰ ਕਲਿਜੁਗ ਵਿਚ ਜ਼ਿਆਦਾ ਤ੍ਰਿਸ਼ਨਾਲੂ ਹੋਣਾ ਹੀ ਜੀਵਨ-ਆਦਰਸ਼ ਦਸਿਆ ਗਿਆ ਹੈ। ਇਸ ਤ੍ਰਿਸ਼ਨਾਲੂ ਜੀਵਨ-ਮਨੋਰਥ ਦੀ ਪ੍ਰਾਪਤੀ ਲਈ 'ਕੂੜ' ਦੇ ਸਾਧਨ ਵਰਤਣ ਤੋਂ ਭੀ ਕਿਸੇ ਕਿਸਮ ਦਾ ਸੰਕੋਚ ਨਾ ਕਰਨਾ ਪ੍ਰਗਟਾਇਆ ਗਿਆ ਹੈ।

ਉਪਰੋਕਤ ਸ਼ਬਦ ਤੋਂ ਦੋ ਸਿਧਾਂਤ ਨਿਕਲਦੇ ਹਨ:

(੧) ਕਿ ਹਰ ਜੁਗ ਵਿਚ ਇਕ ਕਿਸਮ ਦਾ ਵਿਸ਼ਾਲ ਜਨ-ਸਮੂਹਕ ਸੁਭਾਅ ਕਾਇਮ ਹੁੰਦਾ ਹੈ, ਅਤੇ ਇਹ ਭੀ ਉਸ ਕਰਤੇ ਪੁਰਖ ਦੀ ਰਜ਼ਾ ਅੰਦਰ। ਇਸ ਸੁਭਾਅ ਅੰਦਰ ਆਮ ਖ਼ਲਕਤ ਆਪਣੀ ਮਨ-ਮਰਜ਼ੀ ਨਹੀਂ ਕਰ ਸਕਦੀ। ਪਰ ਹਰ ਜੁਗ ਵਿਚ ਉਲੰਘਣਾਂ ਹੁੰਦੀਆਂ ਹਨ, ਜਿਵੇਂ ਪਰਮਾਤਮਾ ਦੇ ਪਿਆਰੇ ਭਗਤ ਇਸ ਯੁਗ-ਸੁਭਾਅ ਨੂੰ ਉਲੰਘ ਜਾਂਦੇ ਹਨ ਅਤੇ ਪ੍ਰਭੂ-ਪਿਆਰ ਵਿਚ ਮਸਤ ਰਹਿੰਦੇ ਹਨ।

(੨) ਹਰ ਜੁਗ ਦਾ ਆਪਣਾ ਜੀਵਨ-ਆਦਰਸ਼ ਮਿਥਿਆ ਜਾਂਦਾ ਹੈ, ਜਿਸ ਵਲ ਸਹਿਜ ਸੁਭਾਇ ਮਨੁਖੀ ਜੀਵਨ ਪ੍ਰੇਰਿਆ ਜਾਂਦਾ ਹੈ।

ਗੁਰਦੇਵ ਜੀ ਨੇ ਅਲੰਕਾਰਕ ਢੰਗ ਨਾਲ ਇਹ


www.AKJ.Org

ਸਿਧਾਂਤ ਬੜੇ ਸਪੱਸ਼ਟ ਸ਼ਬਦਾਂ ਵਿਚ ਦ੍ਰਿੜ੍ਹ ਕਰਵਾਇਆ ਹੈ ਕਿ "ਕਲਿਜੁਗ" ਸਮਾਜ ਦੀ ਉਹ ਅਵਸਥਾ ਹੈ ਜਦੋਂ ਉਸ ਵਿਚ ਸ਼ਾਮਲ ਜਨ-ਸਧਾਰਨ ਅੰਦਰ ਤ੍ਰਿਸ਼ਨਾ-ਅਗਨ ਲਟ ਲਟ ਬਲ ਰਹੀ ਹੋਵੇ।

ਬਾਬਾ ਦੇਖੈ ਧਿਆਨ ਧਰਿ,
ਜਲਤੀ ਸਭਿ ਪ੍ਰਿਥਵੀ ਦਿਸਿ ਆਈ॥
[ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੪

ਅਤੇ—ਕੂੜੁ ਫਿਰੈ ਪਰਧਾਨੁ ਵੇ ਲਾਲੋ॥
[ਤਿਲੰਗ ਮ: ੧, ਪੰਨਾ ੭੨੨

ਹੀ ਸਭ ਮਨੁਖੀ-ਜਗਤ ਅੰਦਰ ਸਨੁਖੀ ਆਚਰਨ ਦਾ ਇਕ ਪ੍ਰਮੁਖ ਅੰਗ ਬਣ ਜਾਏ। ਮਨੁੱਖ ਆਪਣੀ ਗਰਜ਼ ਦੀ ਪ੍ਰਾਪਤੀ ਹੀ ਸਭ ਤੋਂ ਵਡੀ ਗੱਲ ਮੰਨਦਾ ਹੈ, ਚਾਹੇ ਇਸ ਦੀ ਪ੍ਰਾਪਤੀ ਲਈ ਸਾਧਨ ਨਿਰੇ ਕੂੜ ਦੇ ਹੀ ਵਰਤੇ ਜਾਣ।

(੨)

ਇਸ ਪਤਰ ਦਾ ਮੁਖ ਵਿਸ਼ਾ ਕਲਜੁਗੀ ਦਸ਼ਾ ਦਾ ਨਿਰੂਪਣ ਕਰਨਾ ਹੈ, ਇਸ ਲਈ ਸਭ ਤੋਂ ਪਹਿਲਾਂ ਗੁਰੂਦੇਵ ਜੀ ਕਿਸ ਨੂੰ ਕਲਿਜੁਗ ਮੰਨ ਕੇ ਪ੍ਰਸੰਗ ਛੇੜਦੇ ਹਨ, ਇਸ ਵਲ ਸੰਕੇਤ ਕਰਨਾ ਜ਼ਰੂਰੀ ਸਮਝਿਆ ਗਿਆ ਹੈ। ਕਲਜੁਗੀ ਦਸ਼ਾ ਦਾ ਚਿਤਰ ਉਲੀਕਣ ਤੋਂ ਪਹਿਲਾਂ ਕਲਿਜੁਗ ਦੀ ਗੁਰਮਤਿ ਪਰਿਭਾਸ਼ਾ ਦੇਣੀ ਅਤਿ ਲੋੜੀਂਦੀ ਹੈ।

ਜਪੁਜੀ ਸਾਹਿਬ ਦੀ ੧੬ਵੀਂ ਪਉੜੀ ਵਿਚ ਇਹ ਸੰਕੇਤ ਹੈ ਕਿ ਇਹ ਧਰਤੀ ਧਰਮ ਦੇ ਸਿਰ ਤੇ ਖੜੀ ਹੈ। "ਧੌਲੁ ਧਰਮੁ ਦਇਆ ਕਾ ਪੂਤੁ" ਹੈ, ਅਤੇ ਉਸ ਦੀ ਬਣਤਰ ਦਾ ਪ੍ਰਮੁਖ ਅੰਗ 'ਦਇਆ' ਹੈ। ਧਰਮ ਦੀਆਂ ਭਾਵੇਂ ਕਈ ਪਰੀਭਾਸ਼ਾਂ ਹਨ, ਪਰ ਗੁਰੂਦੇਵ ਇਸ ਨੂੰ ਅਕਾਲ ਪੁਰਖ ਦੇ ਹੁਕਮਾਂ ਦੀ ਨਿਯਮਾਵਲੀ ਦਸਦੇ ਹਨ, ਜਿਸ ਅਨੁਸਾਰ ਸਾਰੀ ਰਚਨਾ ਨਿਯਮ-ਬਧ ਹੋ ਕੇ ਚਲ ਰਹੀ ਹੈ।

ਸਚੁ ਕਹੈ ਨਾਨਕੁ ਸੁਣਹੁ ਸੰਤਹੁ
ਹਰਿ ਵਰਤੈ ਧਰਮ ਨਿਆਇ ॥੧॥
[ਬਿਹਾਗੜਾ ਮ: ੫ ਛੰਤ, ਪੰਨਾ ੫੪੨

ਅਤੇ ਜੋ ਭੀ ਜੀਵਾਂ ਦੇ ਕਰਮਾਂ ਦਾ ਨਿਬੇੜਾ ਹੁੰਦਾ ਹੈ ਉਹ ਧਰਮ ਨਿਆਇ ਦੀ ਨਿਯਮਾਵਲੀ ਅਨੁਸਾਰ ਹੁੰਦਾ ਹੈ। ਧਰਮ ਇਕ ਬਹੁਤ ਵਿਸ਼ਾਲ ਸੰਕਲਪ ਮੰਨਿਆ ਗਿਆ ਹੈ। ਇਸ ਸ੍ਰਿਸ਼ਟੀ ਅੰਦਰ ਜੀਵਾਂ ਲਈ ਦਇਆ (Mercy) ਦਾ ਨਾਂ ਭੀ ਧਰਮ ਹੈ ਅਤੇ ਉਸ ਦੇ ਉਲਟ ਚਲਣ ਵਾਲੇ ਨੂੰ ਉਸ ਧਰਮ ਨਿਆਇ ਅਨੁਸਾਰ ਸਜ਼ਾ ਜਾਂ ਇਨਾਮ ਮਿਲਦਾ ਹੈ। ਆਚਰਣ ਨਿਯਮਾਵਲੀ ਦਾ ਆਧਾਰ ਨਿਆਂ ਅਤੇ ਦਇਆ ਹੁੰਦੇ ਹਨ। ਪਰ ਹੌਲੀ ਹੌਲੀ ਦਇਆ ਤੇ ਨਿਆਂ ਘਟਣੇ ਸ਼ੁਰੂ ਹੋ ਜਾਂਦੇ ਹਨ।

ਗੁਰੂ ਰਾਮਦਾਸ ਜੀ ਆਸਾ ਰਾਗ ਵਿਚ ਫੁਰਮਾਂਦੇ ਹਨ—

ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ
ਪਗੁ ਚਉਥਾ ਟਿਕੈ ਟਿਕਾਇ ਜੀਉ॥ [ਪੰ: ੪੪੬

ਕਿ ਕਲਿਜੁਗ ਵਿਚ ਧਰਮ ਦੇ ਤਿੰਨ ਪੈਰ ਖਿਸਕ ਗਏ ਅਤੇ ਧਰਮ ਕੇਵਲ ਇਕ ਪੈਰ ਦੇ ਸਹਾਰੇ ਰਹਿ ਗਿਆ। ਭਾਵ ਇਹ ਕਿ ਕਲਿਜੁਗ ਵਿਚ ਆਚਰਣ ਅੰਦਰ ਨਿਆਂ ਅਤੇ ਦਇਆ ਬਹੁਤ ਘਟ ਰਹਿ ਜਾਂਦੀ ਹੈ। ਜਪੁਜੀ ਦੀ ਸੋਲ੍ਹਵੀਂ ਪਉੜੀ ਵਿਚ ਦਇਆ ਸਰੂਪੀ ਧਰਮ ਵਲ ਸੰਕੇਤ ਆ ਚੁਕਾ ਹੈ। ਚਾਰ ਜੁਗਾਂ ਅੰਦਰ ਦਇਆ ਦੀ ਮਾਤਰਾ ਚਾਰ ਹਿੱਸਿਆਂ ਵਿਚ ਵੰਡ ਕੇ ਘਟਦੀ ਤੁਰੀ ਦਸੀ ਗਈ ਹੈ। ਜੇ ਸਤਜੁਗ ਵਿਚ ਧਰਮ ਅੰਦਰ ਦਇਆ ਦਾ ਸੰਪੂਰਨ ਬਲ ਮੰਨਿਆ ਜਾਏ ਤਾਂ ਅਗਲੇ ਤ੍ਰੇਤਾ ਜੁਗ ਵਿਚ ਤਿੰਨ ਹਿੱਸੇ ਦਇਆ ਰਹਿ ਗਈ। ਤ੍ਰੇਤਾ ਦਾ ਭਾਵ ਹੈ ਤ੍ਰਿਆਂ ਪੁਰ, ਨਹੀਂ ਤਾਂ ਗਣਿਤ ਦੀ ਗਿਣਤੀ ਦੇ ਹਿਸਾਬ ਨਾਲ ਦੁਆਪਰਿ ਪਹਿਲਾਂ ਆਉਣਾ ਚਾਹੀਦਾ ਸੀ। ਇਸ ਤੋਂ ਪਿਛੋਂ ਫਿਰ ਦੁਆਪੁਰਿ ਵਿਚ ਦਇਆ ਦੇ ਦੋ ਅੰਗ ਰਹਿ ਗਏ, ਅਤੇ ਕਲਿਜੁਗ ਵਿਚ ਤਾਂ ਕੇਵਲ ਇਕ ਹੀ ਚਰਨ ਰਹਿ ਗਿਆ ਆਖਿਆ ਜਾਂਦਾ ਹੈ।

ਦਇਆ ਦੁਆਪੁਰਿ ਅਧੀ ਹੋਈ ॥੮॥(੧੬॥੪)
[ਮਾਰੂ ਮ: ੧, ਪੰਨਾ ੧੦੨੩

ਕਲੀ ਕਾਲ ਮਹਿ ਇਕ ਕਲ ਰਾਖੀ॥


www.AKJ.Org

ਬਿਨੁ ਗੁਰ ਪੂਰੇ ਕਿਨੈ ਨ ਭਾਖੀ ।੧੩।।(੧੬।।੪)
[ਮਾਰੂ ਮ: ੧, ਪੰਨਾ ੧੦੨੪

ਉਪਰੋਕਤ ਪ੍ਰਮਾਣਾਂ ਅਨੁਸਾਰ ਉਪਰੋਕਤ ਵਿਚਾਰ ਦੀ ਪ੍ਰੋੜ੍ਹਤਾ ਹੁੰਦੀ ਹੈ। ਮਾਰੂ ਰਾਗ ਦੇ ਉਪਰੋਕਤ ਸ਼ਬਦ ਵਿਚ ਇਕ ਹੋਰ ਰਹੱਸਮਈ ਗੱਲ ਇਹ ਹੈ ਕਿ ਜਿਉਂ ਜਿਉਂ ਜੁਗ ਜੁਗ ਅੰਦਰ ਧਰਮ ਦਾ ਇਕ ਇਕ ਕਰਕੇ ਦਇਆ ਰੂਪੀ ਪੈਰ ਖਿਸਕਦਾ ਹੈ, ਤਿਉਂ ਤਿਉਂ ਉਸ ਨਾਲ ਉਸ ਜੁਗ ਦੇ ਮਾੜੇ ਪਰਭਾਵਾਂ ਵਾਲੀ ਪ੍ਰਮੁਖ ਕਲਾ ਆ ਜੁੜਦੀ ਹੈ, ਤਾਂਕਿ "ਧਰਮ" ਚਾਰੇ ਪੈਰਾਂ ਤੇ ਅਸਥਿਤ ਰਹੇ। ਪਰ ਇਹ ਗੱਲ ਦੇਖਣ ਵਾਲੀ ਹੈ ਕਿ ਦਇਆ ਦੇ ਚਰਨ ਦੀ ਥਾਂ ਧਰਮ ਨੂੰ ਨਕਲੀ ਪੈਰਾਂ ਤੇ ਅਸਥਿਤ ਕਰਨ ਨਾਲ ਹਰ ਜੁਗ ਵਿਚ ਕੀ ਪਰਿਵਰਤਨ ਆਉਂਦੇ ਹਨ ? ਤ੍ਰੇਤੇ ਦਾ ਨਕਲੀ ਚਰਨ ਦੁਬਿਧਾ ਦਸਿਆ ਹੈ :—

ਤੇਤੈ ਧਰਮ ਕਲਾ ਇਕ ਚੂਕੀ ॥
ਤੀਨਿ ਚਰਣ ਇਕ ਦੁਬਿਧਾ ਸੂਕੀ ॥੬॥
[ਮਾਰੂ ਮ: ੧, ਪੰਨਾ ੧੦੨੩

ਪੁਨਾ:—ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ,
ਜਤੁ ਸੰਜਮ ਕਰਮ ਕਮਾਇ ਜੀਉ ॥
ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ,
ਮਨਿ ਹਿਰਦੈ ਕ੍ਰੋਧੁ ਜਲਾਇ ਜੀਉ ॥੨॥੪॥੧੧॥
[ਆਸਾ ਮ: ੪, ਪੰਨਾ ੪੪੫

ਜਾਂ—ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥੧॥
(੧੩)[ਆਸਾ ਦੀ ਵਾਰ, ਪੰ: ੪੭੦

ਭਾਵ ਤ੍ਰੇਤੇ ਜੁਗ ਤੋਂ ਹੁਣ ਤਕ ਧਰਮ ਨਾਲ ਜੋ ਨਕਲੀ ਚਰਣ ਦਇਆ ਦੇ ਥਾਂ ਜੋੜਿਆ ਗਿਆ ਸੀ ਉਹ ਹੁਣ ਭੀ ਵਿਦਮਾਨ ਹੈ। ਇਵੇਂ ਕਿਵੇਂ ਦੁਆਪੁਰਿ ਵਿਚ ਜੋ ਨਕਲੀ ਚਰਣ 'ਸਤੁ' ਦਾ ਦਇਆ ਦੀ ਥਾਂ ਜੋੜਿਆ ਗਿਆ (ਇਥੇ ਸਤੁ ਦੇ ਅਰਥ ਹਨ ਉਚ ਆਚਰਨ ਲਈ ਕੀਤੇ ਜਾਣ ਵਾਲੇ ਕਿਰਿਆ ਕਰਮ) ਉਹ ਉਸ ਨਾਲ ਹੀ ਲਗਾ ਰਹਿਣ ਦਿਤਾ ਜਾਂਦਾ ਹੈ। ਗੁਰਵਾਕ ਹੈ :—

ਜੁਗੁ ਦੁਆਪੁਰੁ ਆਇਆ, ਭਰਮਿ ਭਰਮਾਇਆ,
ਹਰਿ ਗੋਪੀ ਕਾਨ੍ਹ ਉਪਾਇ ਜੀਉ ॥
ਤਪੁ ਤਾਪਨ ਤਾਪਹਿ, ਜਗ ਪੁੰਨ ਆਰੰਭਹਿ
ਅਤਿ ਕਿਰਿਆ ਕਰਮ ਕਮਾਇ ਜੀਉ ॥੩॥
੪॥੧੧॥ [ਆਸਾ ਮ: ੪, ਪੰਨਾ ੪੪੫

ਭਾਵ ਦੁਆਪਰਿ ਵਿਚ ਅਗਿਆਨ-ਅੰਧੇਰੇ ਵਿਚ ਅਗੇ ਨਾਲੋਂ ਹੋਰ ਵਾਧਾ ਹੋਇਆ। ਭਰਮ ਵਧ ਗਿਆ ਅਤੇ ਕਿਰਿਆ ਕਰਮ ਜਾਂ ਜਗ ਹੋਮ ਆਦਿ ਕਰਨੇ ਹੀ ਉਚ ਆਦਰਸ਼ ਜੀਵਨ ਦਾ ਮਨੋਰਥ ਮੰਨ ਕੇ ਕੀਤੇ ਜਾਣ ਲਗ ਪਏ। ਕਲਜੁਗ ਤਕ ਪਹੁੰਚਦੇ ਪਹੁੰਚਦੇ ਇਸ ਨਕਲੀ ਚਰਣ ਕਰਮ-ਕਾਂਡ ਦਾ ਵਰਤਮਾਨ ਰੂਪ ਹੈ ਪਖੰਡ, ਜੋ ਹੁਣ ਭੀ ਧਰਮ ਦਾ ਇਕ ਅੰਗ ਹੈ। ਭਾਵ ਕਲਿਜੁਗ ਤਕ ਪੁਜਦੇ ਪੁਜਦੇ ਧਰਮ ਦੇ ਅਸਲ ਤੱਤ ਦਇਆ ਦੇ ਤਿੰਨ ਹਿੱਸੇ ਟੁਟ ਗਏ, ਪਰ ਧਰਮ ਨੂੰ ਸਹਾਰਾ ਦੇਣ ਲਈ ਚਾਰ ਪੈਰਾਂ ਦੇ ਸਹਾਰੇ ਦੀ ਲੋੜ ਪੈਂਦੀ ਹੈ, ਇਸ ਲਈ ਚੌਥਾਈ ਦਇਆ ਦੇ ਨਾਲ ਹੁਣ ਕ੍ਰਮਵਾਰ ਤਿੰਨ ਪੈਰ ਇਹ ਜੁੜੇ ਹੋਏ ਹਨ : (੧) ਕ੍ਰੋਧ, (੨) ਕਪਟ, (੩) ਝੂਠ, ਅਤੇ ਕਲਜੁਗ ਅੰਦਰ ਧਰਮ ਨੂੰ ਚੌਥਾ ਪੈਰ 'ਕੂੜ' ਦਾ ਜੋੜ ਦਿਤਾ ਗਿਆ ਹੈ।

ਧਰਮ, ਜਿਸ ਨੇ ਸਾਰੀ ਧਰਤੀ ਨੂੰ ਆਪਣੇ ਸਿਰ ਉਪਰ ਧਾਰਨ ਕੀਤਾ ਹੋਇਆ ਹੈ, ਦੀ ਸਮਰੱਥਾ ਹਾਸੋ-ਹੀਣੀ ਦਿਸਦੀ ਹੈ। ਕੀ ਉਹ ਪੁਰਾਤਨ 'ਧੌਲ ਧਰਮ' ਧਰਮ ਅਖਵਾਉਣ ਜੋਗਾ ਰਹਿ ਗਿਆ ਹੈ ? ਨਹੀਂ, ਇਸ ਲਈ ਵਰਤਮਾਨ ਯੁਗ ਅੰਦਰ ਧਰਮ ਅਤੇ ਧਰਮ ਨੂੰ ਮੰਨਣ ਵਾਲੇ ਦਾ ਸਦਾ ਮਜ਼ਾਕ ਉਡਾਇਆ ਜਾਂਦਾ ਹੈ। ਭਾਵੇਂ ਕਿ ਮਜ਼ਾਕ ਉਡਾਣ ਵਾਲੇ ਧਰਮ ਨੂੰ ਪਖੰਡ ਸਮਝਦੇ ਹਨ, ਧਰਮ ਨੂੰ ਗਰੀਬਾਂ ਦੀ ਅਫ਼ੀਮ ਭੀ ਕਹਿ ਦਿੰਦੇ ਹਨ, ਪਰ ਅੱਜ ਭੀ ਉਹ ਧਰਮੀ ਬੰਦੇ ਹਨ, ਜਿਨ੍ਹਾਂ ਨੇ ਇਸ ਧੁੰਧੂਕਾਰ ਵਿਚ ਭੀ ਧਰਮ ਦਾ ਪੱਲਾ ਨਹੀਂ ਛੱਡਿਆ। ਅਤੇ "ਤਿੰਨਾ ਕੀ ਬਰਕਤ ਖਾਹਿ ਅਸੰਖ ਕਰੋੜੇ"। ਅਜ ਭੀ ਧਰਮ ਤੋਂ ਕੁਰਬਾਨ ਹੋ ਜਾਣ ਦੇ ਸ਼ਹੀਦੀ ਸਾਕੇ ਨੇ ਸਾਨੂੰ ਇਹ ਗੱਲ ਦ੍ਰਿੜ੍ਹ ਕਰਵਾ ਦਿਤੀ ਹੈ ਕਿ

(ਬਾਕੀ ਦੇਖੋ ਸਫ਼ਾ ੧੫ ਦੇ ਹੇਠ)


www.AKJ.Org

# ਜੀਵਨ ਕਥਾ ਗੁਰੂ ਅਮਰਦਾਸ ਜੀ (੩)

[ ਵਲੋਂ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ]

*ਜਨ ਕਾ ਜੈਕਾਰੁ ਕਰਾਈ--*

ਸ੍ਰੀ ਅਮਰਦਾਸ ਜੀ ਦੀ ਸੇਵਾ ਪ੍ਰਵਾਣ ਪਈ। ਉਸ ਦਿਨ ਤੋਂ ਮਗਰੋਂ ਉਹ ਸ੍ਰੀ ਗੁਰੂ ਜੀ ਦੀ ਨਿਜੀ ਸੇਵਾ ਵਿਚ ਹਾਜ਼ਰ ਰਹਿੰਦੇ। ਸੇਵਕ ਉਤੇ ਸਤਿਗੁਰੂ ਜੀ ਦੀ ਪ੍ਰਸੰਨਤਾ ਤੇ ਦਇਆਲਤਾ ਕੁਦਰਤੀ ਗੱਲ ਸੀ, ਪਰ ਗੁਰੂ ਜੀ ਦੇ ਪੁਤਰਾਂ ਨੂੰ ਇਹ ਗੱਲ ਮੂਲੋਂ ਨਹੀਂ ਸੀ ਭਾਉਂਦੀ। ਅੰਦਰੋਂ ਅੰਦਰ ਰਿਝਦੇ ਰਹਿੰਦੇ ਤੇ ਵਸ਼ ਲਗਦੇ ਸ੍ਰੀ ਅਮਰਦਾਸ ਜੀ ਦੀ ਬਦਖੋਈ ਕਰਨੋਂ ਵੀ ਸੰਕੋਚ ਨਾ ਕਰਦੇ।

ਗੁਰੂ ਜੀ ਨੇ ਹੁਣ ਸ੍ਰੀ ਅਮਰਦਾਸ ਜੀ ਨੂੰ ਬਾਸਰਕੇ ਜਾ ਕੇ ਆਪਣੇ ਪਰਵਾਰ ਦੀ ਸਾਰ ਖ਼ਬਰ ਲੈਣ ਦੀ ਆਗਿਆ ਕੀਤੀ। ਗੁਰੂ ਪਾਤਸ਼ਾਹ ਜੀ ਦਾ ਵਿਛੋੜਾ ਆਪ ਵਾਸਤੇ ਅਕਹਿ ਦੁਖਦਾਈ ਸੀ।

ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥
ਬਾਝੁ ਪਿਆਰੇ ਆਪਣੇ ਬਿਰਹੀ ਨ ਧੀਰੋਦਿ॥੩॥੧੮।
[ਵਾਰ ਮਾਰੂ ਡਖਣੇ ਮ: ੫, ਪੰਨਾ ੧੧੦੦

ਹੁਣ ਇਕ ਪਾਸੇ ਵਿਛੋੜੇ ਦਾ ਦੁਖ ਸੀ ਅਤੇ ਦੂਜੇ ਪਾਸੇ ਰਜ਼ਾ ਵਿਚ ਰਹਿਣ ਦਾ ਫਰਜ਼। ਰਜ਼ਾ ਵਿਚ ਹਰ ਹਾਲ ਰਾਜ਼ੀ ਰਹਿਣ ਵਾਲੇ ਸ੍ਰੀ ਅਮਰਦਾਸ ਜੀ ਨੇ ਆਗਿਆ ਮੂਹਰੇ ਸੀਸ ਨਿਵਾਇਆ।

ਆਪ ਜੀ ਬਾਸਰਕੇ ਵਲ ਜਾ ਰਹੇ ਸਨ। ਕਿਸੇ ਨੇ ਦਾਸੂ ਜੀ ਨੂੰ ਜਾ ਦਸਿਆ ਕਿ ਅਮਰਦਾਸ ਗੁਰੂ ਦੀ ਬਖਸ਼ਸ਼ ਲੈ ਕੇ ਘਰ ਚਲਾ ਗਿਆ, ਤੁਸੀਂ ਰਹਿ ਗਏ ਖ਼ਾਲੀ ਦੇ ਖ਼ਾਲੀ। ਈਰਖਾ ਦੀ ਅੱਗ ਵਿਚ ਸੜ ਰਹੇ ਦਾਸੂ ਜੀ ਨੇ ਕੁਝ ਆਦਮੀਆਂ ਨੂੰ ਨਾਲ ਲੈ ਕੇ ਘੋੜੇ ਤੇ ਸਵਾਰ ਹੋ ਕੇ ਪਿੱਛਾ ਕੀਤਾ। ਥੋੜੀ ਦੂਰ ਹੀ ਗਏ ਸਨ ਕਿ ਅਮਰਦਾਸ ਜੀ ਨੂੰ ਜਾ ਰਲੇ। ਘੋੜਿਆਂ ਦੀਆਂ ਟਾਪਾਂ ਦੀ ਅਵਾਜ਼ ਸੁਣ ਕੇ ਸ੍ਰੀ ਅਮਰਦਾਸ ਜੀ ਨੇ ਪਿਛੇ ਪਰਤ ਕੇ ਦੇਖਿਆ, ਸ੍ਰੀ ਦਾਸੂ ਜੀ ਆਉਂਦੇ ਦਿਸੇ। ਵੇਖਦਿਆਂ ਸਾਰ ਨਿਰਵੈਰ-ਮੂਰਤੀ ਸ੍ਰੀ ਅਮਰਦਾਸ ਜੀ ਨੇ ਗੁਰੂ-ਪੁਤਰ ਦੇ ਸਤਕਾਰ ਵਿਚ ਹੱਥ ਜੋੜ ਲਏ, ਨਿਉਂ ਕੇ ਨਮਸਕਾਰ ਕੀਤੀ।

ਪਿਆਰ ਅਗੇ ਈਰਖਾ ਦੀ ਹਾਰ ਹੋ ਗਈ। ਪਲੋ ਪਲੀ ਦਾਸੂ ਜੀ ਦੇ ਹੱਥ ਬੱਝ ਗਏ। ਖੁਲ੍ਹਣ ਹੀ ਨਾ। ਇਹ ਵੇਖ ਕੇ ਅੰਦਰਲਾ ਭੈ-ਭੀਤ ਹੋ ਗਿਆ। ਸਾਥੀਆਂ ਨੂੰ ਨਾਲ ਲੈ, ਬਗੈਰ ਕੁਝ ਬੋਲੇ-ਚਾਲੇ ਪਿਛਾਂਹ ਨੂੰ ਮੁੜ ਪਏ। ਸਾਰੀ ਵਿਥਿਆ ਮਾਤਾ ਜੀ ਨੂੰ ਆ

---

(ਸਫਾ ੧੪ ਦੀ ਬਾਕੀ)

ਧਰਮ ਕੀ ਹੁੰਦਾ ਹੈ। ਧਰਮ ਨੂੰ ਥੰਮੀ ਦੇਣ ਵਾਲੀ ਤਤ ਵਸਤੂ ਦਇਆ ਹੈ, ਸਚਮੁਚ ਦਇਆ ਸ੍ਰੀ ਅਕਾਲ ਪੁਰਖ ਦਾ ਭੀ ਪ੍ਰਮੁਖ ਗੁਣ ਹੈ।

ਦੁਕਾਲੰ ਪ੍ਰਣਾਸੀ, ਦਇਆਲੰ ਸਰੂਪੇ ॥੧੯੯॥
[ਜਾਪੁ ਸਾਹਿਬ, ਪਾ: ੧੦

ਦਇਆ ਕਪਾਹ, ਸੰਤੋਖੁ ਸੂਤੁ,
ਜਤੁ ਗੰਢੀ, ਸਤੁ ਵਟੁ ॥
ਇਹੁ ਜਨੇਊ ਜੀਅ ਕਾ
ਹਈ ਤ ਪਾਡੇ ਘਤੁ ॥੧॥(੧੫)
[ਆਸਾ ਦੀ ਵਾਰ, ਪੰਨਾ ੪੭੧

ਕਲਿਗੁਗ ਅੰਦਰ ਮਨੁਖ ਨੇ ਕਲਜੁਗੀ ਜਨੇਊ ਧਾਰਨ ਕੀਤਾ ਹੋਇਆ ਹੈ। ਉਸ ਵਿਚ ਦਇਆ ਸੰਤੋਖ ਦੀ ਥਾਂ ਤ੍ਰਿਸ਼ਨਾ, ਜਤੁ ਦੀ ਥਾਂ ਜ਼ੋਰ ਜ਼ਬਰਦਸਤੀ ਹੈ ਅਤੇ ਸਤ ਦੀ ਥਾਂ ਫੋਕਟ ਕਰਮ ਕਾਂਡ ਹਨ। ਇਹ ਜਨੇਊ ਇਸੇ ਲਈ ਕਲਜੁਗੀ ਜਨੇਊ ਆਖਿਆ ਜਾ ਸਕਦਾ ਹੈ।

(ਬਾਕੀ ਫਿਰ)



www.AKJ.Org

ਸੁਣਾਈ। ਮਾਤਾ ਜੀ ਨੇ ਸਮਝਾਇਆ :—

"ਬੇਟਾ, ਅਮਰਦਾਸ ਜੀ ਨਾਲ ਵੈਰ ਕਰਨਾ ਤੁਹਾਡਾ ਨਦਾਨਪੁਣਾ ਹੈ। ਉਨ੍ਹਾਂ ਨੇ ਤੁਹਾਡਾ ਕੀ ਵਿਗਾੜਿਆ ਹੈ? ਏਨੀ ਬਜ਼ੁਰਗ ਉਮਰ ਹੋਣ ਦੇ ਬਾਵਜੂਦ ਉਹ ਤੁਹਾਨੂੰ ਗੁਰੂ-ਪੁਤਰ ਹੋਣ ਦੇ ਨਾਤੇ ਸਦਾ ਪਿਆਰ ਤੇ ਸਤਿਕਾਰ ਦਿੰਦੇ ਹਨ।

"ਜੇ ਤੁਹਾਡੇ ਪਿਤਾ-ਗੁਰੂ ਜੀ, ਅਮਰਦਾਸ ਜੀ ਨੂੰ ਪਿਆਰ ਕਰਦੇ ਹਨ ਅਤੇ ਸੰਗਤਾਂ ਦੇ ਮਨ ਵਿਚ ਉਹਨਾਂ ਲਈ ਪਿਆਰ ਸਤਿਕਾਰ ਹੈ ਤਾਂ ਇਸ ਉਤੇ ਤੁਹਾਨੂੰ ਕਿਉਂ ਖਿਝ ਚੜ੍ਹਦੀ ਏ! ਉਸ ਨੇ ਪਿਛਲੇ ਕਈ ਸਾਲਾਂ ਤੋਂ ਦਿਨ ਰਾਤ ਇਕ ਕਰਕੇ ਜਿਸ ਤਰ੍ਹਾਂ ਸੇਵਾ ਕੀਤੀ ਹੈ ਉਹ ਕਿਸੇ ਤੋਂ ਲੁਕੀ ਛਿਪੀ ਨਹੀਂ। ਤੈਨੂੰ ਪਤਾ ਹੈ ਕਿ ਉਸ ਨੇ ਆਪਣਾ ਆਪਾ ਗੁਰੂ ਤੋਂ ਨਿਛਾਵਰ ਕੀਤਾ ਹੋਇਆ ਹੈ ਤੇ ਉਹ ਸਤਿਗੁਰਾਂ ਦੀ ਸੇਵਾ ਨੂੰ ਜੀਵਨ-ਅਧਾਰ ਸਮਝਦਾ ਹੈ। ਸਾਰੀਆਂ ਸਿਖ ਸੰਗਤਾਂ ਪ੍ਰਤੀ ਹੁਣ ਇਹ ਗੱਲ ਸੂਰਜ-ਵਤ ਰੌਸ਼ਨ ਹੋ ਗਈ ਹੈ ਕਿ ਅਮਰਦਾਸ ਜੀ ਦੀ ਸੇਵਾ ਗੁਰੂ-ਦਰ ਪ੍ਰਵਾਨ ਚੜ੍ਹੀ ਹੈ ਤੇ ਇਹ ਸੇਵਕ ਹੀ ਗੁਰ-ਗੱਦੀ ਦਾ ਸਹੀ ਹੱਕਦਾਰ ਹੈ। ਤੂੰ ਜਾਣਦਾ ਏਂ, ਪ੍ਰਥਮ ਸਤਿਗੁਰਾਂ ਨੇ ਗੁਰ-ਗੱਦੀ ਆਪਣੇ ਪੁੱਤਰਾਂ ਨੂੰ ਛੱਡ ਕੇ ਸੇਵਾ ਦੇ ਸਿਰ ਸਦਕੇ ਤੁਹਾਡੇ ਪਿਤਾ-ਗੁਰੂ ਜੀ ਨੂੰ ਦਿਤੀ ਸੀ। ਫਿਰ ਸਭ ਕੁਝ ਜਾਣਦੇ ਹੋਏ ਐਵੇਂ ਈਰਖਾ ਕਰਨੀ ਤੇਰੀ ਭੁੱਲ ਹੈ ਤੇ ਨਾਲੇ ਮਹਾਂ ਪੁਰਖਾਂ ਦੀ ਅਵੱਗਿਆ ਹੈ। ਇਸ ਅਵੱਗਿਆ ਦਾ ਫਲ ਹੀ ਤੈਨੂੰ ਮਿਲਿਆ ਹੈ, ਜੁ ਤੇਰੇ ਹੱਥ ਬੱਝ ਗਏ ਹਨ। ਆਪਣੀ ਕੀਤੀ ਦਾ ਪਸਚਾਤਾਪ ਕਰ ਤੇ ਅਗੋਂ ਨੇਕ-ਨੀਯਤੀ ਨਾਲ ਚਲਣ ਦਾ ਭਰੋਸਾ ਦਿਵਾ ਕੇ ਗੁਰੂ-ਪਿਤਾ ਤੋਂ ਖਿਮਾ ਮੰਗ। ਇਹੋ ਚਾਰਾ ਹੈ।"

ਦਾਸੂ ਨੇ ਭੁਲ ਮੰਨੀ। ਮਾਤਾ ਖੀਵੀ ਜੀ ਦਾਸੂ ਨੂੰ ਗੁਰੂ-ਪਤੀ ਦੇ ਹਜ਼ੂਰ ਲੈ ਗਏ ਤੇ ਸਾਰੀ ਵਿਥਿਆ ਸੁਣਾ ਕੇ ਅਧੀਨਗੀ ਨਾਲ ਉਸ ਦੀ ਭੁਲ-ਬਖਸ਼ੀ ਲਈ ਬੇਨਤੀ ਕੀਤੀ। ਭਗਤਿ ਵਛਲ ਤੇ ਮਰਯਾਦਾ ਪਰਸ਼ੋਤਮ ਸਤਿਗੁਰਾਂ ਨੇ ਬਚਨ ਕੀਤਾ ਕਿ ਭੁਲ ਦੀ ਖਿਮਾ ਅਮਰਦਾਸ ਹੀ ਦੇ ਸਕਦਾ ਹੈ, ਜਿਸ ਦੀ ਅਵੱਗਿਆ ਕੀਤੀ ਗਈ ਹੈ। ਇਹ ਬਚਨ ਸੁਣ ਕੇ ਮਾਤਾ ਖੀਵੀ ਜੀ ਦਾਸੂ ਜੀ ਨੂੰ ਬਾਸਰਕੇ ਲੈ ਗਏ।

ਪੂਜਯ ਮਾਤਾ ਜੀ ਨੂੰ ਘਰ ਆਉਂਦਿਆਂ ਦੇਖ ਕੇ ਸ੍ਰੀ ਅਮਰਦਾਸ ਜੀ ਨੂੰ ਚਾਅ ਚੜ੍ਹ ਗਿਆ। ਉਠ ਕੇ ਚਰਨਾਂ ਤੇ ਸਿਰ ਰੱਖ ਕੇ ਬੰਦਨਾ ਕਰਨੀ ਚਾਹੀ, ਪਰ ਮਾਤਾ ਜੀ ਨੇ ਸਿਰ ਹੱਥਾਂ ਵਿਚ ਰੋਕ ਲਿਆ ਅਤੇ ਬੇਨਤੀ ਕੀਤੀ :

"ਤੁਹਾਡੇ ਪਾਸ ਆਪਣੀ ਗ਼ਰਜ਼ ਲਈ ਆਏ ਹਾਂ।"

"ਸੇਵਾਦਾਰ ਪਾਸੋਂ ਗ਼ਰਜ਼? ਮੈਂ ਤਾਂ ਆਪ ਦੇ ਦਰ ਦਾ ਮੰਗਤਾ ਹਾਂ। ਆਪ ਜੀ ਨੇ ਗੁਰੂ-ਦਰ ਦੀ ਸੇਵਾ ਬਖਸ਼ੀ, ਸਦਾ ਸਿਰ ਤੇ ਹੱਥ ਰੱਖਿਆ, ਮੈਂ ਸਦਾ ਆਪ ਜੀ ਦੀ ਦਿਆਲਤਾ ਦਾ ਰਿਣੀ ਹਾਂ। ਮੈਨੂੰ ਹੁਕਮ ਕਰ ਭੇਜਦੇ। ਮੈਂ ਸਿਰ ਦੇ ਭਾਰ ਹਾਜ਼ਰ ਹੋ ਕੇ ਆਪ ਦੀ ਪ੍ਰਸੰਨਤਾ ਪ੍ਰਾਪਤ ਕਰਦਾ।"

ਦਾਸੂ ਨੂੰ ਅੱਗੇ ਕਰਦਿਆਂ ਕਿਹਾ,

"ਬੱਚੇ ਕੋਲੋਂ ਆਪ ਜੀ ਦੀ ਅਵੱਗਿਆ ਹੋਈ ਹੈ। ਲੋਕਾਂ ਦੇ ਚੁਕੇ ਚੁਕਾਏ ਹਥਿਆਰ ਲੈ ਕੇ ਆਪ ਜੀ ਨੂੰ ਮਾਰਨ ਲਈ ਆਇਆ। ਇਸ ਅਪਰਾਧ ਕਾਰਨ ਇਸ ਦੇ ਹੱਥ ਬੱਝ ਗਏ ਹਨ, ਖੁਲ੍ਹਦੇ ਹੀ ਨਹੀਂ। ਬੜੇ ਕਸ਼ਟ ਵਿਚ ਹੈ। ਅਣਜਾਣ ਹੈ, ਇਸ ਤੇ ਮੇਹਰ ਕਰੋ! ਭੁਲ ਬਖਸ਼ ਦਿਓ!!"

"ਦਾਸੂ ਜੀ ਮੇਰੇ ਪ੍ਰਾਣਾਂ ਤੋਂ ਪਿਆਰੇ ਸਤਿਗੁਰੂ ਜੀ ਦੀ ਸੰਤਾਨ ਹਨ। ਇਹਨਾਂ ਨੂੰ ਗੁਰੂ ਕਰੇ ਤੱਤੀ 'ਵਾ ਨਾ ਲਗੇ! ਪਿਆਰੀ ਅੰਮੀ ਜੀ! ਦੁਖ ਕਲੇਸ਼ਾਂ ਦੇ ਕੱਟਣਹਾਰ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਆਪਾਂ ਰਲ ਕੇ ਬੱਚੇ ਦੀ ਅਰੋਗਤਾ ਲਈ ਅਰਦਾਸ ਪਾਈਏ।"



www.AKJ.Org

"ਗੁਰੂ ਸਵਾਰਿਓ ! ਸਤਿਗੁਰੂ ਜੀ ਨੇ ਬਚਨ ਕੀਤਾ ਹੈ ਕਿ ਦਾਸੂ ਦਾ ਕਸ਼ਟ ਆਪ ਦੀ ਕਿਰਪਾ ਦੁਆਰਾ ਹੀ ਨਵਿਰਤ ਹੋਣਾ ਪਰਮੇਸ਼ਰ ਨੂੰ ਭਾਉਂਦਾ ਹੈ।"

"ਸਤਿਗੁਰੂ ਜੀ ਕਰਨ ਕਾਰਨ ਸਮਰੱਥ ਹਨ ਤੇ ਉਹਨਾਂ ਦਾ ਕੀਤਾ ਹੀ ਸਭ ਕੁਝ ਹੁੰਦਾ ਹੈ। ਮੈਂ ਤਾਂ ਨਿਮਾਣਾ ਤੇ ਨਿਗੁਣਾ ਜਿਹਾ ਗੁਰੂ-ਦਰ ਦਾ ਸੇਵਾਦਾਰ ਹਾਂ। ਮੇਰੀ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਹੈ ਕਿ ਦਾਸੂ ਜੀ ਦਾ ਕਸ਼ਟ ਨਵਿਰਤ ਹੋਵੇ।"

ਏਨੇ ਬਚਨ ਕਰ ਕੇ ਸ੍ਰੀ ਅਮਰਦਾਸ ਜੀ ਅਰਦਾਸ ਕਰਦੇ ਹੋਏ ਗੁਰੂ-ਪਿਆਰ ਵਿਚ ਡੁਲ੍ਹ ਪਏ। ਪਿਆਰ-ਅਥਰੂਆਂ ਨਾਲ ਸਾਰਾ ਚਿਹਰਾ ਤੇ ਦਾੜ੍ਹਾ ਭਿਜ ਗਿਆ। ਆ-ਮੁਹਾਰੇ ਬੋਲ ਉਠੇ :—

"ਧੰਨ ! ਗਰੀਬ-ਨਿਵਾਜ ਸਤਿਗੁਰੂ ਜੀ ! ਧੰਨ ! ਅਉਗਣ ਦੇ ਵਟੇ ਗੁਣ ਬਖਸ਼ਣ ਵਾਲੇ ਪਰਉਪਕਾਰੀ ਸਤਿਗੁਰੂ ਜੀ !! ਧੰਨ ! ਆਪਣਿਆਂ ਸੇਵਕਾਂ ਦੇ ਪੜਦੇ ਢਕਣਹਾਰ ਸਤਿਗੁਰੂ ਜੀ !!!"

ਅਰਦਾਸ ਦੀ ਪਰਤੱਖ ਕਲਾ ਵਰਤੀ। ਦਾਸੂ ਜੀ ਦੇ ਹੱਥ ਖੁਲ੍ਹ ਗਏ। ਰੋਗ ਤਨ ਤੋਂ ਖਿਸਰ ਗਿਆ। ਨੌ-ਬਰ-ਨੌ ਹੋ ਗਏ। ਸ੍ਰੀ ਅਮਰਦਾਸ ਜੀ ਨੇ ਪਰਵਾਰ ਸਮੇਤ ਮਾਤਾ ਖੀਵੀ ਜੀ ਅਤੇ ਦਾਸੂ ਜੀ ਦੀ ਖਾਤਰ-ਸੇਵਾ ਕਰ ਕੇ ਆਪਣੇ ਧੰਨ ਭਾਗ ਜਾਣੇ।

ਆਪਣਿਆ ਸੇਵਕਾ ਕੀ ਆਪਿ ਪੈਜ ਰਖੈ
ਆਪਣਿਆ ਭਗਤਾ ਕੀ ਪੈਰੀ ਪਾਵੈ ॥੧੭॥
[ਬਿਹਾਗੜੇ ਕੀ ਵਾਰ ਮ: ੪, ਪੰਨਾ ੫੫੫

## ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥

ਖਡੂਰ ਵਿਚ ਜੋਗੀਆਂ ਦਾ ਇਕ ਮਠ ਸੀ। ਇਥੇ ਸ਼ਿਵ ਨਾਥ ਨਾਮੀ ਇਕ ਕੰਨ-ਪਾਟਾ ਜੋਗੀ ਰਹਿੰਦਾ ਸੀ। ਸਤਿਗੁਰੂ ਪਾਤਸ਼ਾਹ ਜੀ ਦੇ ਦਰਬਾਰ ਵਿਚ ਨਾਮ ਬਾਣੀ ਦਾ ਨਿਰੰਤਰ ਪ੍ਰਵਾਹ ਚਲਦਾ ਰਹਿੰਦਾ ਸੀ। ਲੋਕੀ ਸਤਸੰਗ ਦੀ ਬਰਕਤ ਨਾਲ ਪ੍ਰਸੰਨ ਰਹਿੰਦੇ ਸਨ। ਆਪਣੀ ਦਸਾਂ ਨਹੁੰਆਂ ਦੀ ਕਾਰ ਕਰਦਿਆਂ ਬਾਣੀ ਪੜ੍ਹਦੇ ਰਹਿੰਦੇ, ਇਕ ਦੂਜੇ ਨਾਲ ਮਿਠਾ ਬੋਲਦੇ, ਦੁਖ ਸੁਖ ਵਿਚ ਇਕ ਦੂਜੇ ਦਾ ਹੱਥ ਵਟਾਂਦੇ। ਏਸ ਤਰ੍ਹਾਂ ਸਾਰੇ ਸੁਖੀ ਵਸਦੇ ਸਨ।

ਸਤਿਸੰਗ ਕਾਰਨ ਲੋਕਾ ਉਤੇ ਪਰਮਾਰਥ ਦਾ ਗੂਹੜਾ ਪ੍ਰਭਾਵ ਸੀ। ਸ਼ਿਵ ਨਾਥ ਜੋਗੀ ਦੀ ਇਲਾਕੇ ਵਿਚ ਕੋਈ ਜ਼ਿਆਦਾ ਪੁਛ-ਪਰਤੀਤ ਨਹੀਂ ਸੀ, ਪਰ ਫਿਰ ਵੀ ਆਪਣੀ ਰਿਧੀ ਸਿਧੀ ਦੇ ਬਲ ਨਾਲ ਪਿੰਡ ਦੇ ਕੁਝ ਗਰਜ਼-ਗ੍ਰਸਤ ਬੰਦਿਆਂ ਨੂੰ ਇਸ ਨੇ ਆਪਣੇ ਮਗਰ ਲਾਇਆ ਹੋਇਆ ਸੀ।

ਇਕ ਸਾਲ ਭਾਵੀ ਪਰਮੇਸ਼ਰ ਦੀ ਏਵੇਂ ਹੋਈ ਕਿ ਬੜੀ ਔੜ ਲਗੀ। ਸਾਰਾ ਸਾਵਣ ਬਾਰਸ਼ ਤੋਂ ਖ਼ਾਲੀ ਲੰਘ ਗਿਆ। ਫਸਲਾਂ ਕੁਮਲਾ ਗਈਆਂ। ਲੋਕ ਘਾਬਰ ਉਠੇ। ਲੋਕੀ ਸਤਿਗੁਰਾਂ ਪਾਸ ਆਏ ਤੇ ਮੀਂਹ ਪਾਉਣ ਲਈ ਬੇਨਤੀ ਕੀਤੀ।

ਸਤਿਗੁਰਾਂ ਬਚਨ ਕੀਤਾ :—

"ਸੰਸਾਰ ਦਾ ਕਰਤਾ ਜਗਤ-ਪਿਤਾ ਪਰਮਾਤਮਾ ਹੈ। ਆਪਣੇ ਬੱਚਿਆਂ ਦੀ ਸਾਰ ਸੰਭਾਲ ਉਹ ਆਪ ਕਰਦਾ ਹੈ ਅਤੇ ਸਰਬੱਤ ਜੀਵਾਂ ਨੂੰ ਰੋਜ਼ੀ ਦੇਂਦਾ ਹੈ। ਉਹ ਸੁਜਾਨ ਹੈ, ਭਲੀ ਪ੍ਰਕਾਰ ਜਾਣਦਾ ਹੈ ਕਿ ਬੱਚਿਆਂ ਨੂੰ ਕਿਹੜੀ ਵਸਤੂ ਦੇਣੀ ਹੈ ਅਤੇ ਕਿਹੜੇ ਵੇਲੇ ਦੇਣੀ ਹੈ। ਉਹ ਰਾਜ਼ਕ ਵੀ ਹੈ ਤੇ ਰਹੀਮ ਵੀ। ਪਰਮੇਸ਼ਰ ਜਿਹੜੇ ਹਾਲ ਰਖੇ, ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਬਣਦਾ ਹੈ। ਉਸ ਦੇ ਅਗੇ ਰਹਿਮ ਦੀ ਅਰਦਾਸ ਹੀ ਕੀਤੀ ਜਾ ਸਕਦੀ ਹੈ, ਸੋ ਸੰਗਤਾਂ ਵਿਚ ਨਿਤਾਪ੍ਰਤਿ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਜਾਂਦੀ ਹੈ।"

ਲੋਕੀ ਸਮਝਦੇ ਸਨ ਕਿ ਸਤਿਗੁਰਾਂ ਦੇ ਅੰਮ੍ਰਿਤ ਬਚਨ ਸਤ ਹਨ, ਪਰ ਉਹਨਾਂ ਦੇ ਸਾਹਮਣੇ ਉਹਨਾਂ ਦੀ ਗਰਜ਼ ਸੀ ਅਤੇ ਉਹਨਾਂ ਦੀ ਤਸੱਲੀ ਤਾਂ ਹੀ ਹੋ ਸਕਦੀ ਸੀ ਜੇ ਮੀਂਹ ਪਵੇ।

ਬ੍ਰਹਮ ਗਿਆਨ ਦੇ ਬਚਨ ਮਨੁੱਖ ਤੇ ਓਦੋਂ



www.AKJ.Org

ਅਸਰ ਕਰਦੇ ਹਨ ਜਦੋਂ ਅੰਦਰ ਅਧਿਆਤਮਕ ਭੁੱਖ ਹੋਵੇ, ਪਰ ਇਹ ਭੁੱਖ ਵਿਰਲੇ ਟਾਵੇਂ ਵਡਭਾਗਿਆਂ ਮਨੁੱਖਾਂ ਅੰਦਰ ਹੀ ਉਪਜਦੀ ਹੈ। ਵਧੇਰੇ ਮਨੁਖ ਆਪਣੀਆਂ ਲੋੜਾਂ ਥੋੜਾਂ ਦੀ ਪੂਰਤੀ ਲਈ ਹੀ ਪਾਠ-ਪੂਜਾ ਕਰਦੇ ਹਨ। ਉਹਨਾਂ ਲਈ ਪਰਮਾਤਮਾ ਓਨੀ ਦੇਰ ਤਕ ਹੀ ਸ਼ਕਤੀਮਾਨ ਹੈ, ਜਿੰਨੀ ਦੇਰ ਤਕ ਉਹਨਾਂ ਦੀਆਂ ਗ਼ਰਜ਼ਾਂ ਪੂਰੀਆਂ ਹੁੰਦੀਆਂ ਰਹਿਣ। ਇਹ ਜਗਿਆਸਾ ਨਹੀਂ।

ਕੋਟਿ ਮਧੇ ਕੋ ਵਿਰਲਾ ਸੇਵਕੁ
ਹੋਰਿ ਸਗਲੇ ਬਿਉਹਾਰੀ ॥੧॥ਰਹਾਉ॥
[ਗੂਜਰੀ ਮ: ੫ ਪੰਨਾ ੪੯੫

ਸੋ ਗ਼ਰਜ਼-ਮਾਰੇ ਲੋਕ ਨਾਥ ਦੇ ਚੇਲਿਆਂ ਦੇ ਢਹੇ ਚੜ੍ਹ ਗਏ। ਉਹਨਾਂ ਕਿਹਾ ਕਿ ਨਾਥ ਜੀ ਬਰਖਾ ਕਰਾ ਸਕਦੇ ਹਨ, ਪਰ ਇਕ ਸ਼ਰਤ ਤੇ, ਜੇਕਰ ਇਹ ਗ੍ਰਿਹਸਤੀ ਸਾਧ, ਜੋ ਗੁਰੂ ਬਣਿਆ ਬੈਠਾ ਹੈ, ਇਥੋਂ ਕੂਚ ਕਰ ਜਾਵੇ। ਉਹਨਾਂ ਕਿਹਾ ਕਿ ਇੰਦਰ ਦੇਵਤੇ ਨੂੰ ਖੁਸ਼ ਕਰਨ ਲਈ ਇਹ ਇਕੋ ਇਕ ਹੀਲਾ ਹੈ।

ਕਹਾਵਤ ਪ੍ਰਸਿਧ ਹੈ, "ਗੌਂ ਭੁਨਾਵੇ ਜੌਂ ਭਾਵੇਂ ਗਿਲੇ ਹੀ ਹੋਣ।" ਮੀਂਹ ਲਈ ਵਿਆਕੁਲ ਹੋਏ ਲੋਕ ਨਾਥ ਦੇ ਝਾਂਸੇ ਵਿਚ ਆ ਗਏ। ਆ ਕੇ ਗੁਰੂ ਜੀ ਪਾਸ ਮੀਂਹ ਪਾਣ ਦੀ ਆਪਣੀ ਮੰਗ ਦੁਹਰਾਈ। ਗੁਰੂ ਜੀ ਨੇ ਫਿਰ ਪਹਿਲੇ ਵਾਂਗ ਉਪਦੇਸ਼ ਦਿਤਾ।

ਵਿਚੋਂ ਕੁਝ ਆਪ-ਹੁਦਰੇ ਬੰਦੇ ਬੋਲ ਉਠੇ :–

"ਜੇ ਤੁਹਾਥੋਂ ਮੀਂਹ ਨਹੀਂ ਪੈਂਦਾ ਤਾਂ ਅਸੀਂ ਕਿਸੇ ਹੋਰ ਦਾ ਆਸਰਾ ਲਈਏ ?"

"ਮੀਂਹ ਪਾਣਾ ਪਰਮੇਸ਼ਰ ਦੇ ਹੱਥ ਹੈ, ਉਸ ਦਾ ਹੀ ਆਸਰਾ ਲੈਣਾ ਬਣਦਾ ਹੈ।"

"ਹੀਲੇ ਵਸੀਲੇ ਵੀ ਤਾਂ ਪਰਮੇਸ਼ਰ ਨੇ ਬਣਾਏ ਹੋਏ ਹਨ। ਨਾਥ ਜੀ ਮੀਂਹ ਪਾਉਣ ਲਈ ਮੰਨ ਗਏ ਹਨ, ਪਰ... .."

"ਹਾਂ ਦਸੋ ਅੜਚਨ ਫਿਰ ਕਾਹਦੀ ਹੈ ?"

"ਨਾਥ ਜੀ ਆਖਦੇ ਹਨ ਕਿ ਇਕ ਗ੍ਰਿਹਸਤੀ ਦੇ ਗੁਰੂ ਅਖਵਾਉਣ ਕਾਰਨ ਇੰਦਰ ਦੇਵਤਾ ਰੁਸਿਆ ਹੋਇਆ ਹੈ। ਨਾਥ ਜੀ ਨੇ ਇੰਦਰ ਦੇਵਤੇ ਨੂੰ ਮਨਾਉਣ ਦਾ ਭਰੋਸਾ ਦਿਵਾਇਆ ਹੈ, ਪਰ ਉਹਦੀ ਸ਼ਰਤ ਹੈ, ਕਿ ਆਪ ਪਿੰਡ ਛਡ ਜਾਓ।"

'ਸਤਿਗੁਰੁ ਸਭਨਾ ਦਾ ਭਲਾ ਮਨਾਇਦਾ.. ॥
੨॥(੫) [ਗਉੜੀ ਕੀ ਵਾਰ, ਪੰ: ੩੦੨

ਧੀਰਜਦੀ ਧੁਜਾ ਸਤਿਗੁਰੂ ਜੀ ਮਿਹਰ ਵਿਚ ਬੋਲੇ :

"ਭਾਈ ! ਜੇ ਸਾਡੇ ਇਥੋਂ ਜਾਣ ਨਾਲ ਤੁਹਾਡਾ ਭਲਾ ਹੁੰਦਾ ਹੈ ਤਾਂ ਸਾਨੂੰ ਕੀ ਉਜ਼ਰ ਹੋ ਸਕਦਾ ਹੈ, ਅਸੀਂ ਤਾਂ ਸਦਾ ਤੁਹਾਡਾ ਭਲਾ ਹੀ ਲੋੜਦੇ ਹਾਂ।"

ਸਿਆਣੇ ਸੋਝੀ ਵਾਲੇ ਬੰਦੇ ਅੰਦਰੋਂ ਬੜੇ ਸ਼ਰਮ ਮਸੂਸ ਕਰਦੇ ਸਨ, ਪਰ ਆਪ-ਹੁਦਰੇ ਮੁਲਖੱਈਏ ਦੀ ਰੁਚੀ ਅਗੇ ਉਹਨਾਂ ਦੀ ਕੁਝ ਪੇਸ਼ ਨਾ ਗਈ।

ਸਤਿਗੁਰਾਂ ਨੇ ਤਤਕਾਲ ਸਿਖਾਂ ਨੂੰ ਕੂਚ ਕਰਨ ਦਾ ਹੁਕਮ ਦਿਤਾ। ਸਿਖਾਂ ਨੇ ਹੁਕਮ ਅਗੇ ਸਿਰ ਨਿਵਾ ਕੇ ਬੇਨਤੀ ਕੀਤੀ :

"ਪਾਤਸ਼ਾਹ ! ਕਿਧਰ ਨੂੰ ਜਾਣ ਦਾ ਹੁਕਮ ਹੈ ?"

"ਜਿਥੇ ਪਰਮੇਸ਼ਰ ਲੈ ਜਾਏ।"

ਸਤਿਗੁਰੂ ਜੀ ਸੰਗਤਾਂ ਸਮੇਤ ਏਥੋਂ ਦਲ ਪਏ ਤੇ ਖਾਨ ਰਜਾਦੇ ਦੀ ਜੂਹ ਨੂੰ ਜਾ ਭਾਗ ਲਾਇਆ। ਓਥੇ ਨਾਮ ਬਾਣੀ ਦੇ ਪ੍ਰਵਾਹ ਦੀ ਤੁਫ਼ੈਲ ਗਹਿਮਾ ਗਹਿਮ ਹੋ ਗਈ।

ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ ॥
ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ ॥
੧੯॥ [ਗੂਜਰੀ ਕੀ ਵਾਰ, ਪੰਨਾ ੫੨੩

ਮਿਹਰਾਂ ਦੇ ਸਾਗਰ ਸਤਿਗੁਰੂ ਜੀ ਤਾਂ ਚਲੇ ਗਏ, ਪਰ ਫਿਰ ਵੀ ਬਰਖਾ ਕਈ ਦਿਨ ਨਾ ਪਈ। ਲੋਕੀ ਜਾ ਨਾਥ ਦੇ ਦੁਆਲੇ ਹੋਏ। ਨਾਥ ਨੇ ਬੜੇ ਜੋਗ-ਸਾਧਨ ਕੀਤੇ, ਤੰਤਰ ਮੰਤਰ ਪੜ੍ਹੇ, ਪਰ ਬਣਿਆ ਕੁਝ ਨਾ। ਲੋਕਾਂ ਦੇ ਸਬਰ ਦਾ ਪਿਆਲਾ ਭਰ ਗਿਆ। ਉਹ ਕਾਹਲੇ ਪੈ ਗਏ ਤੇ ਜਾ ਕੇ ਲਗੇ ਨਾਥ ਨੂੰ ਬੋਲ ਕੁਬੋਲ ਬੋਲਣ। ਬਹੁਤ ਲੋਕ ਇਕੱਠੇ



www.AKJ.Org

ਹੋ ਗਏ। ਜੋਗੀ ਦੇ ਭਾ ਦੀ ਬਣ ਗਈ।

ਭੂਤਰੇ ਜੱਟਾਂ ਕੋਲੋਂ ਰੱਬ ਰੱਖੇ। ਲੱਗੇ ਨਾਥ ਦੀ ਲਾਹ-ਪਾਹ ਕਰਨ। ਨਾਥ ਜੇ ਸੋਝੀ ਵਾਲਾ ਹੁੰਦਾ ਤਾਂ ਆਪਣੀ ਬੇਵਸੀ ਦਾ ਕੋਈ ਬਹਾਨਾ ਲਾ ਕੇ ਖਹਿੜਾ ਛੁਡਾ ਲੈਂਦਾ, ਪਰ ਗੁਰੂ ਜੀ ਦੀ ਅਵੱਗਿਆ ਦਾ ਭਾਗੀ ਹੋਣ ਕਾਰਨ ਮੱਤ ਫਿਰ ਗਈ ਸੀ। ਅਗੋਂ ਛਿੱਥਾ ਪੈ ਗਿਆ। ਲਗਾ ਸਰਾਪ ਦੀਆਂ ਧਮਕੀਆਂ ਦੇਣ। ਲੋਕੀ ਹੋਰ ਗੁਸੇ ਵਿਚ ਆ ਗਏ ਤੇ ਨਾਥ ਨੂੰ ਮਾਰਨ ਕੁਟਣ ਲਗ ਪਏ।

ਏਧਰੋਂ ਸ੍ਰੀ ਅਮਰਦਾਸ ਜੀ ਗੁਰੂ-ਦਰਸ਼ਨ ਦੀ ਸਿਕ ਵਿਚ ਉਕਸਾਏ ਹੋਏ ਬਾਸਰਕੇ ਤੋਂ ਖਡੂਰ ਸਾਹਿਬ ਆਏ। ਆ ਕੇ ਸਾਰੇ ਸੁੰਞ ਵਰਤੀ ਹੋਈ ਦੇਖੀ। ਪੁਛ ਗਿਛ ਕਰਨ ਤੇ ਸਾਰੀ ਘਟਨਾ ਦਾ ਪਤਾ ਲਗਾ। ਕਿਸੇ ਨੇ ਆ ਦਸਿਆ ਕਿ ਲੋਕੀ ਨਾਥ ਦੇ ਦੁਆਲੇ ਹੋਏ ਉਸ ਦੀ ਮਾਰ-ਕੁਟਾਈ ਕਰ ਰਹੇ ਹਨ। ਸ੍ਰੀ ਅਮਰਦਾਸ ਜੀ ਵੀ ਉਥੇ ਜਾ ਪਹੁੰਚੇ। ਦੇਖਿਆ ਤਾਂ ਨਾਥ ਪ੍ਰਾਣ ਛਡ ਚੁਕਾ ਸੀ।

ਸ੍ਰੀ ਅਮਰਦਾਸ ਜੀ ਨੇ ਲੋਕਾਂ ਨੂੰ ਸੰਬੋਧਨ ਕਰ-ਦਿਆਂ ਕਿਹਾ :—

''ਇਹ ਵਤੀਰਾ ਠੀਕ ਨਹੀਂ। ਤੁਸਾਂ ਗੁਰੂ ਪਾਤ-ਸ਼ਾਹ ਦੇ ਉਤਮ ਉਪਦੇਸ਼ ਦੀ ਪਰਵਾਹ ਨ ਕਰਦਿਆਂ ਹੋਇਆਂ ਪਰਮੇਸ਼ਰ ਦੀ ਟੇਕ ਛੱਡ ਕੇ ਅਲਪੱਗ ਬੰਦੇ ਦੀ ਟੇਕ ਪਕੜੀ। ਇਹ ਇਕ ਵਡੀ ਭੁਲ ਕੀਤੀ। ਫਿਰ ਇਸ ਈਰਖਾਲੂ ਨਾਥ ਦੇ ਸਿਖੇ ਸਿਖਾਏ ਸਰਬੱਤ ਦਾ ਭਲਾ ਚਾਹੁਣ ਵਾਲੇ ਗੁਰੂ ਪਾਤਸ਼ਾਹ ਜੀ ਤੋਂ ਬੇਮੁਖ ਹੋਏ, ਇਕ ਹੋਰ ਗਲਤੀ ਕੀਤੀ। ਹੁਣ ਇਸ ਨਾਥ ਦੀ ਹਤਿਆ ਕੀਤੀ ਹੈ, ਇਹ ਤੁਹਾਡੀ ਤੀਜੀ ਭੁਲ ਹੈ। ਇਹ ਸਭ ਕੁਝ ਪਰ-ਮੇਸ਼ਰ ਤੋਂ ਬੇਮੁਖ ਹੋਣ ਦਾ ਸਿੱਟਾ ਹੈ। ਪਰਮੇਸ਼ਰ ਤੋਂ ਬੇਮੁਖ ਹੋਇਆਂ ਸੁਖ ਕਿਥੇ ? ਇਹ ਖੁਆਰੀ ਦਾ ਰਸਤਾ ਹੈ। ਇਸ ਤੋਂ ਜਿੰਨੀ ਛੇਤੀ ਮੁੜ ਪਵੋ, ਓਨਾ ਚੰਗਾ ਹੈ।''

ਲੋਕਾਂ ਦੇ ਤਪੇ ਵਿਰੁਧ ਰੋਹ ਦਾ ਇਕ ਕਾਰਨ ਇਹ ਸੀ ਕਿ ਉਸ ਨੇ ਅਣਹੋਂਦੀ ਸ਼ਕਤੀ ਦੀ ਸ਼ੇਖੀ ਮਾਰ ਕੇ ਉਹਨਾਂ ਨੂੰ ਧੋਖਾ ਦਿਤਾ ਸੀ, ਪਰ ਜ਼ਿਆਦਾ ਖ਼ਫ਼ਾ ਉਹ ਇਸ ਗੱਲ ਕਰਕੇ ਸਨ ਕਿ ਨਾਥ ਨੇ ਉਹਨਾਂ ਨੂੰ ਗੁਰੂ ਤੋਂ ਬੇਮੁਖ ਕੀਤਾ ਸੀ। ਹੁਣ ਸ੍ਰੀ ਅਮਰਦਾਸ ਜੀ ਦੇ ਅਮੋਲਕ ਬਚਨ ਸੁਣ ਕੇ ਸਾਰੇ ਆਪਣੀ ਕਰਨੀ ਤੇ ਬੜੇ ਪਰੇਸ਼ਾਨ ਹੋਏ ਤੇ ਆਪਣੀ ਭੁਲ ਮੰਨ ਕੇ ਲਗੇ ਪਸਚਾਤਾਪ ਕਰਨ। ਸ੍ਰੀ ਅਮਰ ਦਾਸ ਜੀ ਨੇ ਅਨੁਭਵ ਕੀਤਾ ਕਿ ਭੋਲੇ ਲੋਕੀ ਨਾਥ ਦੀ ਚੁਕ-ਚੁਕਾਈ ਕਾਰਨ ਅਤੇ ਆਪਣੀ ਗ਼ਰਜ਼ ਦੇ ਮਾਰੇ ਹੋਏ ਔਝੜੇ ਪਏ ਸਨ ਤੇ ਹੁਣ ਆਪਣੀ ਕਰਨੀ ਕਰਕੇ ਮਨੋਂ ਦੁਖੀ ਹਨ।

ਤਰਸ ਦੀ ਮੂਰਤੀ ਤੇ ਪਰਉਪਕਾਰ ਦੇ ਪੁਤਲੇ ਸ੍ਰੀ ਅਮਰਦਾਸ ਜੀ ਕਰੁਣਾ ਰਸ ਵਿਚ ਆ ਗਏ। ਜਾਤਾ ਕਿ ਇਹਨਾਂ ਬਪੜਿਆਂ ਦੇ ਵਸ ਦੀ ਗੱਲ ਨਹੀਂ। ਜਦੋਂ ਜੀਵਾਂ ਉਤੇ ਕਰੜਾ ਪਰਚਾ ਪੈਂਦਾ ਹੈ, ਹੋਣੀ ਵਰਤਦੀ ਹੈ, ਤਾਂ ਵਡੇ ਵਡੇ ਗਿਆਨਵਾਨ ਡੋਲ ਜਾਂਦੇ ਹਨ। ਭਾਣੇ ਵਿਚ ਕੋਈ ਵਿਰਲਾ ਵਡਭਾਗਾ ਹੀ ਆ ਸਕਦਾ ਹੈ। ਇਹ ਹਾਰੀ ਸਾਰੀ ਦੇ ਵਸ ਦੀ ਖੇਡ ਨਹੀਂ।

ਬਚਨ ਕੀਤਾ :—

''ਭਲਿਓ ਲੋਕੋ ! ਤੁਸਾਂ 'ਗੁਰੂ' ਦੀ ਸਾਰ ਨਹੀਂ ਜਾਤੀ। ਸਤਿਗੁਰੂ ਅੰਤਰ-ਆਤਮੇ ਪਰਮੇਸ਼ਰ ਨਾਲ ਅਭੇਦ ਹੈ ਤੇ ਪਰਮੇਸ਼ਰ ਦੀਆਂ ਸਾਰੀਆਂ ਸ਼ਕਤੀਆਂ ਸਤਿਗੁਰੂ ਵਿਚ ਮੌਜੂਦ ਹਨ। ਗੁਰੂ ਦੀ ਵਡਿਆਈ ਇਹ ਹੈ ਕਿ ਉਹ ਆਪਣੀ ਮਹਾਨਤਾ ਦਰਸਾਉਣ ਲਈ ਇਹਨਾਂ ਸ਼ਕਤੀਆਂ ਨੂੰ ਨਹੀਂ ਵਰਤਦਾ।

''ਤੁਸੀਂ ਗੁਰੂ ਦੇ ਚਰਨਾਂ ਦਾ ਧਿਆਨ ਧਰੋ। ਜੁੜ ਕੇ ਅਰਦਾਸ ਕਰੋ, ਗੁਰੂ ਮੇਹਰ ਸਦਕਾ ਤੁਹਾਡਾ ਕਾਰਜ ਰਾਸ ਹੋਵੇਗਾ ਤੇ ਅਵੱਸ਼ ਹੋਵੇਗਾ।''

ਇਹ ਬਚਨ ਬੋਲਦਿਆਂ ਸ੍ਰੀ ਅਮਰਦਾਸ ਦੇ ਚਿਹਰੇ ਤੇ ਨਿਰਾਲੀ ਭਾਅ ਆ ਗਈ।

ਸਾਰਿਆਂ ਦੇ ਹੱਥ ਜੁੜ ਗਏ, ਨੈਣ ਮੁੰਦ ਗਏ, ਹਿਰਦੇ ਜੁੜ ਗਏ ਗੁਰੂ ਚਰਨਾਂ ਨਾਲ। ਅਗੇ ਅਗੇ ਸ੍ਰੀ ਅਮਰਦਾਸ ਜੀ ਉਚੀ ਧੁਨ ਵਿਚ ''ਧੰਨ ਗੁਰੂ


www.AKJ.Org

ਅੰਗਦ ਦੇਵ ਜੀ" ਬੋਲਦੇ ਤੇ ਪਿਛੇ ਸਾਰੇ ਲੋਕੀ। ਖਡੂਰ ਵਿਚ ਫਿਰ ਗੁਰੂ ਨਾਮ ਦੀ ਧੁਨਕਾਰ ਉਠੀ। ਵਾਯੂ ਮੰਡਲ ਪਵਿਤਰ ਹੋ ਗਿਆ। ਪ੍ਰਭੂ ਦੀ ਮਿਹਰ ਹੋਈ, ਥੋੜੇ ਚਿਰ ਵਿਚ ਹੀ ਅਕਾਸ਼ ਤੇ ਬਦਲ ਚੜ੍ਹ ਆਏ ਤੇ ਸਾਰੇ ਜਲ ਥਲ ਹੋ ਗਿਆ।

ਇਸ ਘਟਨਾ ਦੇ ਸਬੰਧ ਵਿਚ ਭਾ: ਸਾ: ਡਾਕਟਰ ਵੀਰ ਸਿੰਘ ਜੀ ਨੇ ਅਸ਼ਟ ਗੁਰ ਚਮਤਕਾਰ (ਪੰਨਾ ੨੬੭) ਵਿਚ ਹੇਠ ਲਿਖਿਆ ਨੋਟ ਦਿਤਾ ਹੈ :—

"ਐਉਂ ਬੀ ਲਿਖਿਆ ਹੈ ਕਿ ਸ੍ਰੀ ਅਮਰਦਾਸ ਜੀ ਨੇ ਕਿਹਾ ਜਿਮੀਂਦਾਰਾਂ ਨੂੰ ਕਿ ਤਪੇ ਨੂੰ ਬਾਹਰ ਕੱਢ ਖੇਤਾਂ ਵਿਚ ਲੈ ਜਾਓ, ਜਿਸ ਜਿਸ ਖੇਤ ਵਿਚ ਇਹ ਜਾਏਗਾ ਉਸ ਉਸ ਖੇਤ ਵਿਚ ਮੀਂਹ ਪਏਗਾ। ਇਸੇ ਤਰ੍ਹਾਂ ਹੀ ਹੋਇਆ, ਜ਼ਿਮੀਂਦਾਰਾਂ ਨੇ ਉਸ ਨੂੰ ਖੇਤ ਖੇਤ ਘਸੀਟਿਆ ਤਾਂ ਘਿਸਟੀਂਦਾ ਮਰ ਗਿਆ। ਇਹ ਗੱਲ ਅਗਲਬ ਨਹੀਂ ਜਾਪਦੀ, ਕਿਉਂਕਿ ਜੇ ਤਪੇ ਦੇ ਖੇਤਾਂ ਵਿਚ ਜਾਣ ਨਾਲ ਮੀਂਹ ਪਿਆ ਤਾਂ ਤਪੇ ਦੇ ਕਦਮਾਂ ਦਾ ਹੀ ਯਤਨ ਸਾਬਤ ਹੋਇਆ। ਇਹ ਗੱਲ ਵੀ ਕਿਆਸ ਵਿਚ ਨਹੀਂ ਆਉਂਦੀ ਕਿ ਇਕ ਇਕ ਖੇਤ ਵਿਚ ਮੀਂਹ ਕੀਕੂੰ ਵਸੇ, ਬਦਲ ਦਾ ਅੰਬਰਾਂ ਤੋਂ ਵਸਣਾ ਕੱਛੀ ਹੋਈ ਮੇਣਤੀ ਵਿਚ ਕੀਕੂੰ ਹੋ ਸਕਦਾ ਹੈ? ਫੇਰ ਜੇ ਉਸ ਨੂੰ ਮਰਵਾਉਣਾ ਪ੍ਰਯੋਜਨ ਸੀ ਤਾਂ ਇਹ ਗੱਲ ਸ੍ਰੀ ਅਮਰਦਾਸ ਜੀ ਦੇ ਆਸ਼ੇ ਵਿਚ ਨਹੀਂ ਹੋ ਸਕਦੀ। ਓਹ ਤਾਂ ਉਪਕਾਰ ਦੀ ਮੂਰਤ ਸੇ। ਜੱਟਾਂ ਦੀ ਭੁੱਲ ਦਰਸਾ ਦਿਤੀ ਤੇ 'ਗੁਰੂ ਕੇ ਨਾਮ' ਨਾਲ ਮੀਂਹ ਵਸਾ ਕੇ ਭਲਾ ਕਰ ਦਿਤਾ। ਜੋਗੀ ਦੀ ਖੇਚਲ, ਜੋਗੀ ਦੀ ਮੂਰਖਤਾ ਦਾ ਫਲ ਸੀ, ਜਿਸ ਨੇ ਜੱਟਾਂ ਦੇ ਬਲ ਨੂੰ ਗੁਰੂ ਕੇ ਵਿਰੁੱਧ ਵਰਤਿਆ ਸੀ, ਉਹ ਬਲ ਆਪਣੇ ਤੇ ਉਲਟ ਕੇ ਪੈ ਗਿਆ, ਕਰੇ ਪਰ ਨੂੰ ਆਵੇ ਘਰ ਨੂੰ। ਫਿਰ ਵੀ, ਕਮਾਲ ਦੇਖੋ ਖਿਮਾਂ ਦਾ ਕਿ ਗੁਰੂ ਅੰਗਦ ਦੇਵ ਜੀ ਨੇ ਆਪਣੇ ਪਰਮ ਪਿਆਰੇ ਦੇ ਸਕਤੀ ਦਿਖਾਲਣ ਨੂੰ ਪਸੰਦ ਨਹੀਂ ਕੀਤਾ ਤੇ ਜੱਟਾਂ ਨੂੰ ਤਾਂ ਭਾਵੇਂ ਸੁਖ ਵਰਤਿਆ, ਪਰ ਜੋ ਜੋਗੀ ਨੂੰ ਖੇਚਲ ਹੋਈ ਉਸ ਬਦਲੇ ਸ੍ਰੀ ਅਮਰਦਾਸ ਜੀ ਵਰਗੇ ਪਿਆਰੇ ਨਾਲ ਕੁਛ ਉਦਾਸੀ ਧਾਰਨ ਕਰ ਲਈ ਸੀ।

ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥
ਨਾਨਕ ਸਾਈ ਭਲੀ ਪਰੀਤਿ
ਜਿਤੁ ਸਾਹਿਬ ਸੇਤੀ ਪਤਿ ਰਹੈ॥੨॥(੧੦)
[ਵਡਹੰਸ ਕੀ ਵਾਰ, ਪੰਨਾ ੬੫੦

ਮੀਂਹ ਪੈਂਦਿਆਂ ਸਾਰ ਸਾਰੇ ਲੋਕ ਆਪੋ ਆਪਣੇ ਘਰੀਂ ਚਲੇ ਗਏ। ਸ੍ਰੀ ਅਮਰਦਾਸ ਜੀ ਮੀਂਹ ਪੈਂਦੇ ਵਿਚ ਪੁਜ ਗਏ ਖਾਨ ਰਜਾਦੇ ਦੀ ਜੂਹ ਵਿਚ, ਜਿਥੇ ਗੁਰੂ ਜੀ ਬਿਰਾਜ ਰਹੇ ਸਨ। ਦੂਰੋਂ ਸ੍ਰੀ ਅਮਰਦਾਸ ਜੀ ਨੂੰ ਆਉਂਦਾ ਵੇਖ ਕੇ ਹਜ਼ੂਰ ਨੇ ਉਸ ਵਲ ਕੰਡ ਕਰ ਲਈ। ਸ੍ਰੀ ਅਮਰਦਾਸ ਦੂਜੇ ਪਾਸੇ ਨਮਸਕਾਰ ਕਰਨ ਲਈ ਵਧੇ, ਪਰ ਸਤਿਗੁਰੂ ਜੀ ਨੇ ਪਾਸਾ ਬਦਲ ਕੇ ਉਧਰ ਕੰਡ ਕਰ ਲਈ। ਸ੍ਰੀ ਅਮਰਦਾਸ ਜੀ ਸਮਝ ਗਏ ਕਿ ਉਹਨਾਂ ਕੋਲੋਂ ਕੋਈ ਅਵੱਗਿਆ ਹੋਈ ਹੈ। ਬੜੀ ਅਧੀਨਗੀ ਵਿਚ ਬੇਨਤੀ ਕੀਤੀ—

"ਮੇਹਰਾਂ ਦੇ ਸਾਈਂ! ਸਾਡੇ ਔਗਣਾਂ ਦਾ ਲੇਖਾ ਨਾ ਕਰੋ! ਅਸੀਂ ਤਾਂ ਸਦਾ ਸਦਾ ਭੁਲਣਹਾਰ ਹਾਂ। ਆਪ ਜੀ ਸਦਾ ਬਖਸ਼ੰਦ ਹੋ। ਆਪਣੀ ਵਡਿਆਈ ਵਿਚ ਅਸਾਂ ਗੁਨਾਹਗਾਰਾਂ ਨੂੰ ਬਖਸ਼ ਤੇ ਸੁਮੱਤ ਬਖਸ਼ੋ।"

"ਪੁਰਖਾ! ਤੈਂ ਸ਼ਕਤੀ ਵਿਖਾਈ ਹੈ। ਇਹ ਸਿਖੀ ਮਾਰਗ ਨਹੀਂ। ਤੈਂ ਅਜ਼ਲੀ ਰਜ਼ਾ ਵਿਚ ਰਾਜ਼ੀ ਰਹਿਣ ਦੀ ਬਜਾਏ ਆਪਣਾ ਭਾਣਾ ਕੀਤਾ ਹੈ। ਇਹ ਪ੍ਰਭੂ-ਪ੍ਰਸੰਨਤਾ-ਪ੍ਰਾਪਤੀ ਦਾ ਕਰਮ ਨਹੀਂ। ਇਹ ਦੋਸ਼ ਹੈ, ਜੋ ਪ੍ਰਭੂ ਨੂੰ ਨਹੀਂ ਭਾਉਂਦਾ।

ਆਪਣਾ ਭਾਣਾ ਤੁਮ ਕਰਹੁ
ਤਾਂ ਫਿਰਿ ਸਹ ਖੁਸੀ ਨ ਆਵਏ† ॥

ਸ੍ਰੀ ਅਮਰਦਾਸ ਚਰਨਾਂ ਤੇ ਚੁਫਾਲ ਢਹਿ ਪਏ। ਬੇਨਤੀ ਕੀਤੀ—

† ਆਸਾ ਮ: ੩ ਛੰਤ ਘਰੁ ੩, ਪੰਨਾ ੪੪੦



www.AKJ.Org

"ਪਾਤਸ਼ਾਹ ! ਆਪ ਜੀ ਦਾ ਨਿਰਾਦਰ ਦੇਖ ਕੇ ਝੱਲਿਆ ਨਹੀਂ ਗਿਆ। ਅਸੀਂ ਥੋੜ-ਵਿਤੇ ਮਨੁੱਖ ਹਾਂ । ਦਾਤਾ ! ਮੈਂ ਗੁਨਾਹਗਾਰ ਵਿਚ ਸ਼ਕਤੀ ਕਿਥੋਂ ਆਈ । ਸ਼ਕਤੀਆਂ ਦਾ ਭੰਡਾਰ ਆਪ ਜੀ ਦੇ ਨਾਮ ਵਿਚ ਹੈ ਤੇ ਇਹ ਕ੍ਰਿਸ਼ਮਾ ਆਪ ਜੀ ਦੇ ਨਾਮ ਦੀ ਬਰਕਤ ਨਾਲ ਵਰਤਿਆ ਹੈ । ਸਾਹਿਬ ਜੀਉ ! ਸੇਵਕ ਤੇ ਮੇਹਰ ਕਰੋ ! ਭਾਣੇ ਦੀ ਬਖਸ਼ਸ਼ ਕਰੋ !! ਸਦਾ ਆਪ ਜੀ ਦੀ ਰਜ਼ਾ ਵਿਚ ਰਾਜ਼ੀ ਰਹੀਏ !!!"

ਸਤਿਗੁਰੂ ਜੀ ਨੇ ਪਿਆਰ ਨਾਲ ਸਮਝਾਇਆ ਕਿ ਸ਼ਕਤੀਆਂ ਦਿਖਾਉਣ ਨਾਲ ਕਿਸੇ ਦਾ ਕੁਝ ਨਹੀਂ ਸੌਰਦਾ, ਪਰ ਦਿਖਾਉਣ ਵਾਲੇ ਦਾ ਆਪਣਾ ਨੁਕਸਾਨ ਹੁੰਦਾ ਹੈ, ਹਉਮੈ ਆ ਜਾਂਦੀ ਹੈ, ਬੰਧਨ ਪੈ ਜਾਂਦੇ ਹਨ। ਏਸ ਤਰ੍ਹਾਂ ਪ੍ਰਭੂ-ਸੁਆਮੀ ਦੀ ਨਰਾਜ਼ਗੀ ਪਲੇ ਪੈਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਰਜ਼ਾ ਦਾ ਮਾਰਗ ਦ੍ਰਿੜ ਕਰਾਇਆ ਹੈ :—

ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥੧੬॥

ਕੁਝ ਚਿਰ ਮਗਰੋਂ ਪਿੰਡ ਵਾਲੇ ਲੋਕੀ ਵੀ ਇਕੱਠੇ ਹੋ ਕੇ ਪੁਜ ਗਏ । ਗਲ ਪਲੇ ਪਾ ਚਰਨਾਂ ਤੇ ਢਹਿ ਆਪਣੀ ਅਵੱਗਿਆ ਦੀ ਭੁਲ ਮੰਨੀ ਤੇ ਬਖਸ਼ਸ਼ ਲਈ ਜੋਦੜੀ ਕੀਤੀ ।

ਸਤਿਗੁਰਾਂ ਨੇ ਸਾਰਿਆਂ ਨੂੰ ਭਾਣੇ ਦਾ ਮਾਰਗ ਦ੍ਰਿੜ੍ਹ ਕਰਾਇਆ ਤੇ ਬੜੇ ਵਜਦ ਵਿਚ ਸਲੋਕ ਗਾਇਆ :—

ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥
ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ ॥
ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ ॥
ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ॥੧॥
ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥੨॥

ਸਲੋਕੁ ਮ: ੨, ਆਸਾ ਦੀ ਵਾਰ, ਪੰਨਾ ੪੭੪

ਸਾਰਿਆਂ ਨੇ ਹੁਕਮ ਅਗੇ ਸਿਰ ਨਿਵਾਇਆ। ਫਿਰ ਖਡੂਰ ਮੁੜਨ ਲਈ ਬੇਨਤੀ ਕੀਤੀ । ਦੀਨ ਦਿਆਲ ਸਤਿਗੁਰੂ ਜੀ ਨੇ ਪ੍ਰਵਾਨ ਕੀਤੀ, ਪਰ ਨਾਲ ਬਚਨ ਕੀਤਾ ਕਿ ਉਸ ਨਾਥ ਦੇ ਨਮਿਤ ਵਡਾ ਜਗ ਕਰੋ, ਗਰੀਬ ਗੁਰਬੇ ਨੂੰ ਭੋਜਨ ਖੁਆਓ । ਉਸ ਦੀ ਆਤਮਿਕ ਕਲਿਆਣ ਹਿਤ ਅਰਦਾਸ ਕਰੋ ।

[ਚਲਦਾ

---

# ਅਖੰਡ ਕੀਰਤਨੀ ਜਥੇ ਦੇ ਮੈਂਬਰਾਂ ਦੇ ਧਿਆਨ ਯੋਗ

ਮਹਾਂਰਾਸ਼ਟਰਾ, ਕਰਨਾਟਕ, ਤਾਮਲਨਾਡੂ ਅਤੇ ਗੁਜਰਾਤ ਵਿਚ ਵੱਸ ਰਹੇ ਗੁਰਸਿਖ ਪ੍ਰਵਾਰਾਂ ਦੀ ਗਿਆਤ ਲਈ ਦੱਸਿਆ ਜਾਂਦਾ ਹੈ ਕਿ Bhai Karam Singh Talwar Continental Construction p, BHANDUP Water Complex p, o. Mulund Colony, Bombay–82

ਭਾਈ ਕਰਮ ਸਿੰਘ ਜੀ ਦਾ ਨਾਮ ਸੰਗਤਿ ਵਲੋਂ ਉਪਰਲਿਆਂ ਇਲਾਕਿਆਂ ਦੇ ਪ੍ਰਤੀਨਿਧ ਦੀ ਹੈਸੀਅਤ ਵਿਚ ਭੇਜਿਆ ਗਿਆ ਹੈ। ਉਪਰ ਦਰਸਾਏ ਗਏ ਹਲਕਿਆਂ ਵਿਚੋਂ ਅਖੰਡ ਕੀਰਤਨੀ ਜਥੇ ਦੇ ਮੈਂਬਰਾਂ ਨੂੰ ਆਪਣੇ ਨਾਵਾਂ ਦੀਆਂ ਲਿਸਟਾਂ ਭਾਈ ਸਾਹਿਬ ਕਰਮ ਸਿੰਘ ਜੀ ਤਲਵਾਰ ਨੂੰ ਤੁਰਤ ਹੀ ਭੇਜ ਦੇਣੀਆਂ ਚਾਹੀਦੀਆਂ ਹਨ ।

ਸੰਗਤਾਂ ਦਾ ਦਾਸਰਾ--ਰਾਮ ਸਿੰਘ (ਜਥੇਦਾਰ)



www.AKJ.Org

# ਬਾਬੇ ਨੇ ਇਉਂ ਆਖਿਆ

[ਵਲੋਂ—ਪ੍ਰੋ: ਹਰਬੰਸ ਸਿੰਘ ਜੀ, ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ]

( ੧ )

ਗਲੀ ਵਿਚ ਬੱਚੇ ਖੇਡ ਰਹੇ ਸਨ। ਹਨੇਰੀ ਦਾ ਬੁੱਲਾ ਆਇਆ ਅਤੇ ਪਲ ਹੀ ਪਲ ਵਿਚ ਸਾਰਿਆਂ ਦੇ ਸਿਰ ਮਿੱਟੀ ਨਾਲ ਭਰ ਗਏ। ਖੇਡ ਰਹੇ ਬੱਚਿਆਂ ਦੇ ਵਿਚ ਤਿੰਨ ਅਜਿਹੇ ਬੱਚੇ ਭੀ ਸਨ ਜਿਨ੍ਹਾਂ ਦੇ ਸਿਰਾਂ ਤੇ ਛੋਟੀਆਂ ਦਸਤਾਰਾਂ (ਕੇਸਕੀਆਂ) ਬੱਝੀਆਂ ਹੋਈਆਂ ਸਨ। ਉਨ੍ਹਾਂ ਦੇ ਵਾਲ ਮਿੱਟੀ ਘੱਟੇ ਤੋਂ ਬਚੇ ਰਹੇ, ਜਦ ਕਿ ਨੰਗੇ ਸਿਰਾਂ ਵਾਲੇ ਬੱਚਿਆਂ ਦੇ ਕੇਸ ਮਿੱਟੀ ਘੱਟੇ ਨਾਲ ਲੱਥ ਪੱਥ ਹੋ ਗਏ। ਕੋਲੋਂ ਦੀ ਲੰਘਦੇ ਹੋਏ ਬਾਬੇ ਨੇ ਬੱਚਿਆਂ ਨੂੰ ਇਉਂ ਅਖਿਆ –

ਬਾਬਾ–ਬੱਚਿਓ ! ਇਸ ਹਵਾ ਦੇ ਬੁੱਲੇ ਵਿਚ ਕੀ ਸੀ ?

ਕੁਝ ਬੱਚੇ–ਬਾਬਾ ਜੀ ! ਮਿੱਟੀ ਘੱਟਾ।

ਬਾਬਾ–ਇਹ ਮਿੱਟੀ ਘੱਟਾ ਕਿਥੋਂ ਆਇਆ ?

ਬੱਚੇ–ਜੀ ! ਗਲੀ ਵਿਚੋਂ।

ਬਾਬਾ–ਜਿਥੇ ਕੁੱਤੇ ਅਤੇ ਪਸ਼ੂ ਜਾਂਦੇ ਜਾਂਦੇ ਟੱਟੀ ਪਿਸ਼ਾਬ ਕਰ ਜਾਂਦੇ ਹਨ ਅਤੇ ਨਾਲੀਆਂ ਦਾ ਗੰਦ ਮੰਦ ਖਿਲਰਿਆ ਰਹਿੰਦਾ ਹੈ ?

ਬੱਚੇ–ਜੀ ਹਾਂ।

ਬਾਬਾ–ਤਾਂ ਤੇ ਫੇਰ ਤੁਹਾਡੇ ਸਿਰਾਂ ਵਿਚ ਟੱਟੀ ਪਿਸ਼ਾਬ ਵਾਲਾ ਮਿੱਟੀ-ਘੱਟਾ ਰਚ ਗਿਆ।

ਦਸਤਾਰਾਂ ਵਾਲੇ ਬੱਚੇ–ਬਾਬਾ ਜੀ ! ਸਾਡੇ ਤੇ ਸਿਰਾਂ ਤੇ ਦਸਤਾਰਾਂ ਹਨ। (ਨੰਗੇ ਸਿਰਾਂ ਵਾਲੇ ਬੱਚਿਆਂ ਵਲ ਨੂੰ ਇਸ਼ਾਰਾ ਕਰਦੇ ਹੋਏ) ਮਿੱਟੀ ਤਾਂ ਇਨ੍ਹਾਂ ਦੇ ਸਿਰਾਂ ਵਿਚ ਹੀ ਪਈ ਹੈ।

ਬਾਬਾ–(ਨੰਗੇ ਸਿਰ ਵਾਲੇ ਬੱਚਿਆਂ ਨੂੰ ਸੰਬੋਧਨ ਕਰਦਾ ਹੋਇਆ) ਕਿਉਂ ਬੱਚਿਓ ! ਤੁਸੀਂ ਆਪਣੇ ਸਿਰਾਂ ਵਿਚ ਗਲੀਆਂ ਦਾ ਕੂੜਾ ਕਰਕਟ ਪੁਆਉਣਾ ਚਾਹੁੰਦੇ ਹੋ ਜਾਂ ਆਪਣੇ ਕੇਸਾਂ ਨੂੰ ਗਲੀਆਂ ਰਾਹਾਂ ਦੀ ਖੇਹ ਸੁਆਹ ਤੋਂ ਬਚਾ ਕੇ ਰਖਣਾ ਚਾਹੁੰਦੇ ਹੋ ?

ਬੱਚੇ--(ਇਕ ਆਵਾਜ਼ ਵਿਚ) ਬਾਬਾ ਜੀ ! ਬਚਾ ਕੇ।

ਬਾਬਾ--ਜੇ ਬੱਚਿਓ, ਤੁਸੀਂ ਆਪਣੇ ਕੇਸ ਸਾਫ ਸੁਥਰੇ ਰੱਖਣਾ ਚਾਹੁੰਦੇ ਹੋ ਤਾਂ ਤੁਸੀਂ ਵੀ ਇਨ੍ਹਾਂ (ਦਸਤਾਰ ਵਾਲੇ ਬੱਚਿਆਂ ਵਲ ਨੂੰ ਇਸ਼ਾਰਾ ਕਰਦੇ ਹੋਏ) ਵਾਂਗ ਦਸਤਾਰਾਂ ਸਜਾ ਕੇ ਰੱਖੋ।

ਬੱਚੇ--(ਇਕ ਆਵਾਜ਼ ਵਿਚ) ਅੱਛਾ ਜੀ।

( ੨ )

ਛੁੱਟੀ ਵਾਲੇ ਦਿਨ ਬੱਚੇ ਡੰਗਰ ਚਾਰਦੇ ਜਾਂ ਖੇਡਦੇ ਮੱਲ੍ਹਦੇ ਬਾਬਾ ਜੀ ਕੋਲ ਖੂਹ ਤੇ ਸ਼ਹਿਤੂਤ ਦੇ ਦਰੱਖਤ ਥੱਲੇ ਆ ਬੈਠਦੇ ਅਤੇ ਬਾਬਾ ਜੀ ਨਾਲ ਮਿੱਠੀਆਂ ਮਿੱਠੀਆਂ ਗੱਲਾਂ ਕਰਦੇ ਰਹਿੰਦੇ। ਬਾਬਾ ਜੀ ਕੋਲ ਇਕ ਦੂਜੇ ਦੀ ਸ਼ਿਕਾਇਤ ਵੀ ਕਰ ਦਿੰਦੇ। ਬਾਬਾ ਜੀ ਬੱਚਿਆਂ ਨੂੰ ਸਮਝਾ ਬੁਝਾ ਕੇ ਉਨ੍ਹਾਂ ਦੀਆਂ ਮੁੜ ਗਲਵੱਕੜੀਆਂ ਪੁਆ ਦਿੰਦੇ। ਇਕ ਦਿਨ ਇਕ ਬੱਚੇ ਨੇ ਬਾਬਾ ਜੀ ਕੋਲ ਇਉਂ ਸ਼ਿਕਾਇਤ ਕੀਤੀ:--

ਬੱਚਾ--ਬਾਬਾ ਜੀ ! (ਇਕ ਲੜਕੇ ਵਲ ਇਸ਼ਾਰਾ ਕਰ ਕੇ) ਇਹ ਮੈਨੂੰ ਗਾਲ੍ਹਾਂ ਕਢਦਾ ਰਹਿੰਦਾ ਹੈ।

ਬਾਬਾ–(ਉਸ ਬੱਚੇ ਨੂੰ ਸੰਬੋਧਨ ਕਰ ਕੇ) ਦੇਖ ਬਈ ਕਾਕਾ ! ਗਾਲ੍ਹਾਂ ਨਹੀਂ ਕਢੀਦੀਆਂ। ਗਾਲ੍ਹਾਂ ਕਢਣ ਨਾਲ ਆਪਣੀ ਹੀ ਜ਼ਬਾਨ ਗੰਦੀ ਹੁੰਦੀ ਹੈ। ਦੂਜੇ ਨੂੰ ਤੈਸ਼ ਆ ਜਾਂਦਾ ਹੈ ਅਤੇ 'ਗਾਲ੍ਹਾਂ' ਲੜਾਈ ਝਗੜੇ ਦਾ ਕਾਰਨ ਬਣ ਜਾਂਦੀਆਂ ਹਨ।

ਇਕ ਬੱਚਾ–ਬਾਬਾ ਜੀ ! ਸਾਡੀ ਕਿਤਾਬ ਵਿਚ



www.AKJ.Org

ਲਿਖਿਆ ਹੋਇਆ—

ਨਾਨਕ ਫਿਕੈ ਬੋਲਿਐ
ਤਨੁ ਮਨੁ ਫਿਕਾ ਹੋਇ ॥

ਬਾਬਾ— ਬਿਲਕੁਲ ਠੀਕ ! ਫਿੱਕਾ ਬੋਲਣ ਨਾਲ ਤਨ ਅਤੇ ਮਨ ਫਿੱਕਾ ਹੋ ਜਾਂਦਾ ਹੈ ।

ਇਕ ਹੋਰ ਬੱਚਾ—ਬਾਬਾ ਜੀ ! ਇਹ ਕਿਵੇਂ ?

ਬਾਬਾ—ਦੇਖੋ ਬੱਚਿਓ ! ਜਦੋਂ ਅਸੀਂ ਫਿੱਕੇ ਬੋਲ ਬੋਲਦੇ ਹਾਂ ਤਾਂ ਸਾਡੇ ਅੰਦਰ ਕ੍ਰੋਧ ਪੈਦਾ ਹੋ ਜਾਂਦਾ ਹੈ । ਗੁੱਸਾ ਸਾਡੇ ਖੂਨ ਨੂੰ ਗਰਮ ਕਰ ਦੇਂਦਾ ਹੈ । ਸਾਡੀ ਮੱਤ ਮਾਰੀ ਜਾਂਦੀ ਹੈ, ਸਾਡੇ ਹਿਰਦੇ ਅੰਦਰ ਬੇਚੈਨੀ ਪੈਦਾ ਹੋ ਜਾਂਦੀ ਹੈ, ਸਾਡੇ ਮਨ ਦੀ ਸ਼ਾਂਤੀ ਜਾਂਦੀ ਰਹਿੰਦੀ ਹੈ । ਫਿੱਕੇ ਬੋਲ ਬੋਲਣ ਨਾਲ ਸਾਡੇ ਤਨ ਅਤੇ ਮਨ ਵਿਚ ਅਜਿਹੀ ਤੜਥੱਲੀ ਮਚਦੀ ਹੈ ਕਿ ਫਿਕੇ ਪਕਵਾਨ ਵਾਂਗ ਸਾਡਾ ਤਨ ਤੇ ਮਨ ਕਿਰਕਿਰਾ ਹੋ ਜਾਂਦਾ ਹੈ, ਅਸੀਂ ਗੁਸੇ ਨਾਲ ਭਰੇ ਪੀਤੇ ਹਲਕਾਏ ਕੁੱਤੇ ਵਾਂਗ ਮੂੰਹੋਂ ਝੱਗ ਛੱਡੀ ਊਲ-ਜਲੂਲ ਬੋਲੀ ਜਾਂਦੇ ਹਾਂ ।

ਬਾਬਾ—ਦੇਖੋ ਬਈ ਕਾਕਾ ! ਅੱਗੋਂ ਤੋਂ ਕਿਸੇ ਨੂੰ ਗਾਲ੍ਹ ਨਹੀਂ ਕੱਢਣੀ ।

( ੩ )

ਇਕ ਬੱਚਾ—ਬਾਬਾ ਜੀ ! (ਇਕ ਮੋਨੇ ਮੁੰਡੇ ਵਲ ਇਸ਼ਾਰਾ ਕਰ ਕੇ) ਇਹ ਮੁੰਡਾ ਮੈਨੂੰ ਕਹਿੰਦਾ ਰਹਿੰਦਾ ਆ, "ਸਿੱਖਾਂ ਦੇ ਬਾਰ੍ਹਾਂ ਬੱਜ ਗਏ ।" (ਇਕ ਮੁੰਡਾ ਤੈਸ਼ ਵਿਚ ਆ ਕੇ) ਓਏ, ਦੱਸਾਂ ਫੇਰ ਤੈਨੂੰ ਬਾਰ੍ਹਾਂ ਬਜਾ ਕੇ ।

ਬਾਬਾ—ਦੇਖੋ ਬਈ ! ਗੁੱਸੇ ਵਿਚ ਨਾ ਆਓ ।

ਉਹ ਬੱਚਾ—ਬਾਬਾ ਜੀ, ਇਹ ਫੇਰ ਸਾਨੂੰ ਟਿਚਰਾਂ ਕਿਉਂ ਕਰਦਾ ?

ਬਾਬਾ—(ਮੋਨੇ ਮੁੰਡੇ ਵਲ ਨੂੰ) ਦੇਖੋ ਬਈ ਕਾਕਾ ! ਅਜਿਹੇ ਮਖ਼ੌਲ ਨਹੀਂ ਕਰੀਦੇ ।

ਮੋਨਾ ਮੁੰਡਾ—ਬਾਬਾ ਜੀ ! ਇਹ ਮੈਨੂੰ ਸਿਰ-ਘਸਾ ਕਿਉਂ ਕਹਿੰਦੇ ਆ ?

ਬਾਬਾ—ਦੇਖੋ ਬਈ ਬੱਚਿਓ ! ਅਜਿਹੀ ਕੋਈ ਵੀ ਗੱਲ ਮੂੰਹੋਂ ਨਹੀਂ ਕੱਢਣੀ ਚਾਹੀਦੀ ਜਿਸ ਨਾਲ ਕਿਸੇ ਦਾ ਦਿਲ ਦੁਖੇ ।

ਇਕ ਮੁੰਡਾ—ਬਾਬਾ ਜੀ, ਲੋਕੀਂ ਕਿਉਂ ਕਹਿੰਦੇ ਹਨ—"ਸਿਖਾਂ ਦੇ ਬਾਰ੍ਹਾਂ ਬੱਜ ਗਏ ?"

ਬਾਬਾ—ਬੱਚਿਓ!ਮੁਗ਼ਲ ਰਾਜ ਦੇ ਸਮੇਂ ਹਕੂਮਤ ਵਲੋਂ ਹਿੰਦੂਆਂ ਤੇ ਸਿਖਾਂ ਤੇ ਬਹੁਤ ਅੱਤਿਆਚਾਰ ਹੁੰਦੇ ਸਨ । ਹਿੰਦੂਆਂ ਸਿਖਾਂ ਨੂੰ ਕਾਫ਼ਰ ਸਮਝਿਆ ਜਾਂਦਾ ਸੀ । ਉਨ੍ਹਾਂ ਨੂੰ ਜ਼ਬਰਦਸਤੀ ਮੁਸਲਮਾਨਬਣਾਇਆ ਜਾਂਦਾ ਸੀ।ਉਨ੍ਹਾਂ ਦਾ ਜਾਨ ਮਾਲ ਹਮੇਸ਼ਾ ਹੀ ਖਤਰੇ ਵਿਚ ਰਹਿੰਦਾ ਸੀ । ਇਸ ਅੱਤਿਆਚਾਰ ਨੂੰ ਰੋਕਣ ਲਈ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਆਪਣਾ ਬਲੀਦਾਨ ਦੇਣਾ ਪਿਆ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜ਼ੋਰ ਜ਼ੁਲਮ ਦੇ ਖ਼ਿਲਾਫ਼ ਤਲਵਾਰ ਉਠਾਉਣੀ ਪਈ । ਬਾਬਾ ਬੰਦਾ ਬਹਾਦਰ ਦੇ ਫੜੇ ਜਾਣ ਤੋਂ ਬਾਅਦ ਪੰਜਾਬ ਵਿਚ ਨਵਾਬ ਜ਼ਕਰੀਆ ਖਾਨ ਅਤੇ ਮੀਰ ਮੰਨੂੰ ਨੇ ਜ਼ੁਲਮ ਦੀ ਤੜਥੱਲੀ ਮਚਾ ਦਿਤੀ । ਸਿਖਾਂ ਦੇ ਸਿਰਾਂ ਦੇ ਮੁੱਲ ਪੈਣ ਲਗ ਪਏ ਅਤੇ ਉਨ੍ਹਾਂ ਦਾ ਖੁਰਾ ਖੋਜ ਮਿਟਾਉਣ ਲਈ ਹਕੂਮਤ ਨੇ ਆਪਣਾ ਸਾਰਾ ਤਾਣ ਲਾ ਦਿਤਾ । ਸਿਖ ਆਪਣੇ ਘਰ ਘਾਟ ਛੱਡ ਕੇ ਜੰਗਲ ਬੇਲਿਆਂ ਵਿਚ ਜਾ ਲੁਕੇ ।

ਬੱਚੇ—ਬਾਬਾ ਜੀ ! ਫੇਰ ਕੀ ਹੋਇਆ ?

ਬਾਬਾ—ਬੱਚਿਓ ! ਕਾਬਲ ਕੰਧਾਰ ਵਲੋਂ ਭਾਰਤ ਤੇ ਅਹਿਮਦ ਸ਼ਾਹ ਅਬਦਾਲੀ ਦੇ ਹੱਲੇ ਹੋਣ ਲੱਗ ਪਏ । ਧਾੜਵੀ ਹਿੰਦੁਸਤਾਨ ਨੂੰ ਲੁਟ ਪੁੱਟ ਕੇ ਆਪਣੇ ਦੇਸ ਜਾ ਵੜਦੇ । ਮਾਸੂਮ ਸੁੰਦਰੀਆਂ ਨੂੰ ਭੇਡਾਂ ਵਾਂਗ ਹੱਕ ਕੇ ਆਪਣੇ ਨਾਲ ਲੈ ਜਾਂਦੇ ।

ਇਕ ਬੱਚਾ—ਬਾਬਾ ਜੀ ! ਗੁਰੂ ਕੇ ਸਿੰਘ ਸੂਰਮੇ ਜੰਗਲੀਂ ਹੀ ਲੁਕੇ ਰਹਿੰਦੇ ?

ਬਾਬਾ—ਬੱਚਿਓ ! ਨਹੀਂ ਗੁਰੂ ਦੇ ਦੁਲਾਰੇ, ਪਰਉਪਕਾਰੀ ਸਿੰਘ ਮੌਕਾ ਤਾੜ ਕੇ ਧਾੜਵੀਆਂ ਤੇ



www.AKJ.Org

ਹੱਲਾ ਬੋਲ ਦਿੰਦੇ ਅਤੇ ਲੁੱਟਿਆ ਮਾਲ ਆਪਣੇ ਕਾਬੂ ਕਰ ਲੈਂਦੇ।

ਇਕ ਬੱਚਾ—ਬਾਬਾ ਜੀ! ਫੜੀਆਂ ਹੋਈਆਂ ਤੀਵੀਆਂ ਨੂੰ ਉਹ ਕੀ ਕਰਦੇ ?

ਬਾਬਾ—ਬੱਚਾ ! ਉਹਨਾਂ ਨੂੰ ਧਾੜਵੀਆ ਕੋਲੋਂ ਛੁਡਾ ਕੇ ਉਨ੍ਹਾਂ ਦੇ ਵਾਰਸਾਂ ਕੋਲ ਪਹੁੰਚਾ ਦਿੰਦੇ।

ਇਕ ਹੋਰ ਬੱਚਾ—ਬਾਬਾ ਜੀ ! ਸਿੱਖ ਹੱਲਾ ਕਦੋਂ ਬੋਲਦੇ ਸਨ ?

ਬਾਬਾ—ਬੱਚਿਓ, ਇਹੋ ਕੋਈ ਰਾਤ ਦੇ ਬਾਰ੍ਹਾਂ ਕੁ ਵਜੇ, ਜਦੋਂ ਜਾਬਰ ਫੌਜੀ ਘੂਕ ਸੁਤੇ ਪਏ ਹੁੰਦੇ। ਮੁੱਠੀ ਭਰ ਸਿਖ ਬਿਜਲੀ ਦੀ ਲਿਸ਼ਕਾਰ ਵਾਂਗ ਦੁਸ਼ਮਣ ਤੇ ਟੁਟ ਪੈਂਦੇ ਅਤੇ ਪਲੋ ਪਲੀ ਵਿਚ ਹੀ ਆਪਣਾ ਉਦੇਸ਼ ਪੂਰਾ ਕਰ ਕੇ ਤਿੱਤਰ ਹੋ ਜਾਂਦੇ। ਧਾੜਵੀ ਫੌਜਾਂ ਵਿਚ ਭਗਦੜ ਮਚ ਜਾਂਦੀ ਅਤੇ ਔਹ ਗਏ ਔਹ ਗਏ ਹੋਣ ਲੱਗ ਪੈਂਦੀ।

ਬੱਚਿਓ ! ਸਿੰਘਾਂ ਦੇ ਇਸ ਪੈਂਤੜੇ ਨੂੰ ਮੁਖ ਰੱਖ ਕੇ ਧਾੜਵੀ ਬਾਰ੍ਹਾਂ ਵਜੇ (ਅਧੀ ਰਾਤ) ਦੇ ਸਮੇਂ ਨੂੰ ਯਾਦ ਰਖਣ ਲਗ ਪਏ ਅਤੇ ਅਗੋਂ ਨੂੰ ਉਨ੍ਹਾਂ ਦੇ ਸੰਤਰੀ ਬਾਰ੍ਹਾਂ ਵੱਜਣ ਤੇ ਸਿੰਘਾਂ ਦੇ ਹੱਲੇ ਤੋਂ ਹੁਸ਼ਿਆਰ ਰਹਿਣ ਲਈ ਉਚੀ ਉਚੀ "ਬਾਰ੍ਹਾਂ ਵਜ ਗਏ,ਬਾਰ੍ਹਾਂ ਵਜ ਗਏ" ਦੇ ਆਵਾਜ਼ੇ ਕਸਦੇ।

ਬਚਿਓ ! ਕੁਝ ਸ਼ਰਾਰਤੀ ਲੋਕਾਂ ਨੇ ਸਿੰਘਾਂ ਦੀ ਬਹਾਦਰੀ ਦੀ ਦਾਦ ਦੇਣ ਦੀ ਥਾਂ ਮਖੌਲ ਕਰਨੇ ਸ਼ੁਰੂ ਕਰ ਦਿਤੇ ਹਨ ਕਿ 'ਸਿੱਖਾਂ ਦੇ ਬਾਰ੍ਹਾਂ ਵਜ ਗਏ।"

ਇਕ ਬੱਚਾ—ਬਾਬਾ ਜੀ ! ਅਸੀਂ ਅਜਿਹੇ ਮਖੌਲ ਨਹੀਂ ਸਹਿਣੇ। ਅਸੀਂ ਤਾਂ ਤੁੰਨ ਕੇ ਰੱਖ ਕੇ ਦਿਆਂਗੇ ਅਜਿਹੇ ਸ਼ਰਾਰਤੀਆਂ ਨੂੰ।

(ਇਕ ਹੋਰ ਬੱਚਾ ਮੋਨੇ ਮੁੰਡੇ ਉਤੇ ਰੋਹ ਵਿਚ ਉਲਰਦਾ ਹੋਇਆ) ਕਿਉਂ ਓਏ ਤੂੰ ਫੇਰ ਕਹੇਂਗਾ ਬਾਰ੍ਹਾਂ ਵਜ ਗਏ ?

ਮੋਨਾ ਮੁੰਡਾ—(ਪਰੇ ਨੂੰ ਖਿਸਕਦਾ ਅਤੇ ਹਥ ਬੰਨ੍ਹਦਾ ਹੋਇਆ) ਮੇਰੀ ਤੋਬਾ !

(ਏਨੇ ਨੂੰ ਸੰਤਾ ਹਥ ਡਾਂਗ ਫੜੀ ਉਚੀ ਉਚੀ ਮੁੰਡਿਆਂ ਨੂੰ ਹਾਕਾਂ ਮਾਰਦਾ ਹੋਇਆ ਉਧਰ ਆ ਨਿਕਲਿਆ ਅਤੇ ਸਾਰੇ ਮੁੰਡੇ ਆਪਣੇ ਆਪਣੇ ਡੰਗਰਾਂ ਮਗਰ ਭੱਜ ਗਏ।

( ੪ )

ਇਕ ਦਿਨ ਰੇਬਦਾਰ ਕਛਹਿਰੇ ਵਾਲੇ ਇਕ ਬੱਚੇ ਨੇ ਬਾਬੇ ਕੋਲ ਇਉਂ ਸ਼ਿਕਾਇਤ ਕੀਤੀ—

ਬੱਚਾ—ਬਾਬਾ ਜੀ, ਇਹ ਮੁੰਡੇ ਮੈਨੂੰ "ਭਾਈ ਭਾਈ" ਕਹਿ ਕੇ ਛੇੜਦੇ ਰਹਿੰਦੇ ਆ।

ਬਾਬਾ—ਕਾਕਾ ! "ਭਾਈ" ਕੋਈ ਭੈੜਾ ਸ਼ਬਦ ਹੈ ?

ਬੱਚਾ—(ਸ਼ਰਾਰਤੀ ਬੱਚਿਆਂ ਵਲ ਇਸ਼ਾਰਾ ਕਰ ਕੇ) ਜੀ !ਇਹ ਮੈਨੂੰ ਭਾਈ ਭਾਈ ਕਹਿ ਕੇ ਚਿੜਾਉਂਦੇ ਰਹਿੰਦੇ ਆ।

ਬਾਬਾ—(ਸ਼ਰਾਰਤੀ ਬੱਚਿਆਂ ਵਲ) ਕਿਉਂ ਬਈ ! ਤੁਸੀਂ ਇਸ ਨੂੰ ਕਿਉਂ ਚਿੜਾਂਦੇ ਹੋ ?

ਇਕ ਬੱਚਾ—ਜੀ ! ਇਹਨੇ ਗੁਰਦੁਆਰੇ ਦੇ ਭਾਈਆਂ ਵਰਗੀ ਕੱਛ (ਰੇਬਦਾਰ ਕਛਹਿਰਾ) ਪਾਈ ਹੋਈ ਆ। ਇਸ ਕਰਕੇ ਅਸੀਂ ਇਹਨੂੰ ਭਾਈ ਕਹਿ ਦਿੰਦੇ ਆਂ।

ਬਾਬਾ—ਰੇਬਦਾਰ ਕਛਹਿਰਾ ਤਾਂ ਸਗੋਂ ਨੰਗੇਜ ਨੂੰ ਢਕਣ ਵਾਸਤੇ ਢੁਕਵਾਂ ਪਹਿਰਾਵਾ ਹੈ। ਖੁੱਲ੍ਹੇ ਕੱਛੇ ਤਾਂ ਬੇਪਰਦ ਹਨ। ਸਭ ਕੁਝ ਪਹੁੰਚਿਆਂ ਵਿਚੀਂ ਦਿਸਦਾ ਰਹਿੰਦਾ ਹੈ।

ਇਕ ਬੱਚਾ—ਇਹ ਤਾਂ ਠੀਕ ਹੈ। ਪਰ ਜੀ ! ਰੇਬਦਾਰ ਕਛਹਿਰਾ ਪਾ ਕੇ ਵੀ ਲੋਕੀਂ, ਭੈੜੇ ਕੰਮ ਕਿਉਂ ਕਰਦੇ ਹਨ ?

ਬਾਬਾ—ਬੱਚਿਓ ! ਜਿਹੜੇ ਲੋਕੀਂ ਹੱਥ ਕੜਾ, ਤੇੜ ਕਛਹਿਰਾ, ਗਾਤਰੇ ਕਿਰਪਾਨ, ਸਿਰ ਕੇਸ ਦਸਤਾਰ ਅਤੇ ਕੰਘਾ ਰੱਖ ਕੇ, ਗੁਰੂ ਵਾਲਾ ਭੇਖ ਧਾਰਨ ਕਰ ਕੇ ਵੀ ਝੂਠ ਬੋਲਦੇ ਹਨ, ਚੋਰੀ ਕਰਦੇ ਹਨ, ਵੱਢੀ ਬੇਈਮਾਨੀ ਦੀ ਕਮਾਈ ਘਰ ਲਿਆਉਂਦੇ ਹਨ, ਪਰਾਏ ਮਾਲ ਤੇ ਝਾਕ ਰਖਦੇ ਹਨ, ਦਸਾਂ ਨਹੁੰਆਂ ਦੀ ਕਿਰਤ ਨਹੀਂ ਕਰਦੇ,



www.AKJ.Org

ਮਖੱਟੂ ਬਣ ਕੇ ਪੂਜਾ ਦਾ ਧਾਨ ਤੇ ਗੋਗੜਾਂ ਵਧਾਉਂਦੇ ਹਨ, ਉਹ ਗੁਰੂ ਦੇ ਨਾਂ ਨੂੰ ਲਾਜ ਲਾਉਂਦੇ ਹਨ । ਲੋਕੀਂ ਉਹਨਾਂ ਨੂੰ ਬਹੁਰੂਪੀਏ ਸਮਝ ਕੇ ਕੇ ਉਨ੍ਹਾਂ ਦਾ ਮਖੌਲ ਉਡਾਉਂਦੇ ਹਨ ।

ਰੇਬਦਾਰ ਕਛਹਿਰੇ ਵਾਲਾ ਬੱਚਾ—ਜੀ ਮੈਂ ਤੇ ਝੂਠ ਨਹੀਂ ਬੋਲਦਾ ।

ਬਾਬਾ—(ਉਸ ਨੂੰ ਥਾਪੀ ਦਿੰਦਾ ਹੋਇਆ) ਸ਼ਾਬਾਸ਼ । (ਬਾਕੀ ਬੱਚਿਆਂ ਨੂੰ ਸੰਬੋਧਨ ਕਰਦਾ ਹੋਇਆਂ)

ਦੇਖੋ ਬੱਚਿਓ ! ਪੰਜ ਕਕਾਰ ਗੁਰੂ ਕਾ ਸਿੱਖ ਹੋਣ ਦੀ ਨਿਸ਼ਾਨੀ ਹਨ । ਜਿਹੜਾ ਮਨੁਖ ਇਨ੍ਹਾਂ ਨੂੰ ਪਹਿਨ ਕੇ ਆਪਣੇ ਆਚਰਨ ਨੂੰ ਸਚਾ ਤੇ ਸੁਚਾ ਨਹੀਂ ਰਖਦਾ ਅਤੇ ਗੁਰ-ਹੁਕਮਾਂ ਅਨੁਸਾਰ ਨਹੀਂ ਚਲਦਾ ਉਹ ਚੋਰ ਹੈ, ਗੁਰੂ ਦਾ ਦੇਣਦਾਰ ਹੈ, ਗੁਰੂ ਦੇ ਨਾਂ ਨੂੰ ਵੱਟਾ ਲਾਉਂਦਾ ਹੈ । ਆਚਰਨ-ਹੀਣ ਅਜਿਹੇ ਭੇਖੀ ਲੋਕ ਸਿਖਾਂ ਨੂੰ ਬਦਨਾਮ ਕਰਦੇ ਹਨ । ਤਾਹੀਓਂ ਲੋਕੀਂ ਉਹਨਾਂ ਨੂੰ "ਭਾਈ ਭਾਈ" ਕਹਿ ਕੇ ਦੁਰਕਾਰਦੇ ਹਨ । ਸਚਿਆਰ ਸਿੱਖਾਂ ਨੂੰ ਲੋਕੀਂ "ਭਾਈ ਸਾਹਿਬ, ਭਾਈ ਸਾਹਿਬ" ਕਹਿ ਕੇ ਸਤਿਕਾਰਦੇ ਹਨ ।

ਦੇਖੋ ! ਇਸ ਬੱਚੇ ਨੇ ਰੇਬਦਾਰ ਕਛਹਿਰਾ ਪਾਇਆ ਹੋਇਆ ਹੈ, ਇਸ ਦੇ ਹੱਥ ਕੜਾ ਹੈ, ਕੇਸ ਕੰਘਾ ਅਰ ਦਸਤਾਰ (ਕੇਸਕੀ) ਸਜਾਈ ਹੋਈ ਹੈ । ਇਹ ਕਿੰਨਾ ਮਨਮੋਹਣਾ ਨਜ਼ਰ ਆਉਂਦਾ ਹੈ । ਇਸ ਪਹਿਰਾਵੇ ਕਾਰਨ ਹਰ ਇਕ ਇਸ ਨੂੰ ਗੁਰੂ ਕਾ ਲਾਲ ਸਮਝਦਾ ਹੈ । ਇਹ ਝੂਠ ਨਹੀਂ ਬੋਲਦਾ, ਇਹ ਇਸ ਦੇ ਉਚੇ ਆਚਰਨ ਦੀ ਨਿਸ਼ਾਨੀ ਹੈ । ਤੁਹਾਨੂੰ ਵੀ ਸਿਖੀ ਰਹਿਤ ਦੇ ਧਾਰਨੀ ਹੋਣਾ ਚਾਹੀਦਾ ਹੈ ਤਾਂ ਜੁ ਭੈੜੀ ਹਰਕਤ ਕਰਨ ਲਗਿਆਂ ਇਹਨਾਂ ਕਕਾਰਾਂ ਸਦਕਾ ਤੁਹਾਨੂੰ ਆਪਣਾ ਗੁਰੂ ਯਾਦ ਆ ਜਾਵੇ ਅਤੇ ਤੁਸੀਂ ਕੁਕਰਮ ਕਰਨੋਂ ਰੁਕ ਜਾਵੋ ।

ਬਚਿਓ ! ਕੀ ਤੁਸੀਂ ਆਚਰਨ ਵਾਲੇ ਬਣਨਾ ਚਾਹੁੰਦੇ ਹੋ ਜਾਂ ਆਚਰਨ-ਹੀਣ ?

ਬੱਚੇ—ਆਚਰਨ ਵਾਲੇ ।

ਬਾਬਾ—ਜੇ ਤੁਸੀਂ ਆਚਰਨ ਵਾਲੇ ਬਣਨਾ ਚਾਹੁੰਦੇ ਹੋ ਤਾਂ ਤੁਸੀਂ ਵੀ ਇਸ ਬੱਚੇ ਵਾਂਗ ਸਿਖੀ ਰਹਿਤ ਦੇ ਧਾਰਨੀ ਬਣੋ । ਗੁਰ-ਹੁਕਮਾਂ ਨੂੰ ਸਮਝੋ ਅਤੇ ਅਮਲ ਕਰੋ ।

ਇਕ ਬੱਚਾ—ਬਾਬਾ ਜੀ ! ਗੁਰ ਹੁਕਮ ਕੀ ਹਨ ?

ਬਾਬਾ—ਗੁਰੂ-ਦਰਸਾਈ ਰਹਿਤ ਰੱਖਣੀ ਅਤੇ ਕੁਰਹਿਤਾਂ ਤੋਂ ਬੱਚ ਕੇ ਰਹਿਣਾ । ਗੁਰੂ ਦੇ ਬਚਨਾਂ (ਗੁਰਬਾਣੀ) ਅਨੁਸਾਰ ਆਪਣਾ ਜੀਵਨ ਬਤੀਤ ਕਰਨਾ ।

ਇਕ ਹੋਰ ਬੱਚਾ—ਜੀ ! ਗੁਰ-ਹੁਕਮਾਂ ਦੀ ਪੂਰਨ ਸੋਝੀ ਕਿਥੋਂ ਲਈਏ ?

ਬਾਬਾ—ਬੱਚਿਓ ! ਗੁਰੂ ਦੀ ਬਾਣੀ ਨੂੰ ਪੜ੍ਹੋ ਤੇ ਸੁਣੋ । ਸੁਣ ਪੜ੍ਹ ਕੇ ਮਨ ਵਸਾਓ । ਸਤਿਗੁਰਾਂ ਦੇ ਬਚਨਾਂ ਨੂੰ ਮਨ ਵਸਾ ਕੇ ਉਹਨਾਂ ਤੇ ਅਮਲ ਕਰੋ । ਗੁਰਦੁਆਰੇ ਜਾਓ । ਗੁਰਬਾਣੀ ਦਾ ਕੀਰਤਨ ਤੇ ਪਾਠ ਸੁਣੋ । ਸ਼ਬਦ ਦੀ ਵਿਆਖਿਆ ਵਲ ਧਿਆਨ ਦਿਓ, ਤੁਹਾਨੂੰ ਗੁਰ-ਹੁਕਮਾਂ ਦੀ ਸੋਝੀ ਆਉਂਦੀ ਜਾਵੇਗੀ । ਬਸ ! ਜਦੋਂ ਤੁਹਾਡੀ ਸੁਰਤ "ਸ਼ਬਦ" ਦੀ ਪਕੜ ਕਰਨ ਲੱਗ ਪਈ, ਸਮਝੋ "ਗੁਰੂ" ਤੁਹਾਡੇ ਅੰਦਰ ਵੱਸਣ ਲੱਗ ਪਿਆ । "ਸ਼ਬਦ" ਦੇ ਅੰਦਰ ਵਸਣ ਨਾਲ ਗਿਆਨ ਦਾ ਪ੍ਰਕਾਸ਼ ਹੋ ਜਾਵੇਗਾ । ਅਤੇ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਵੇਗਾ । ਤੁਸੀਂ ਅਵ-ਗੁਣਾਂ ਨੂੰ ਤਿਆਗ ਕੇ ਗੁਣਵਾਨ ਹੋ ਜਾਵੋਗੇ, ਸਤਿ ਦੇ ਮਾਰਗ ਤੇ ਚਲ ਪਵੋਗੇ । ਅਤੇ ਲੋਕ ਸੁਖੀਏ ਅਰ ਪਰਲੋਕ ਸੁਹੇਲੇ ਬਣ ਜਾਵੋਗੇ ।

ਸਚੈ ਮਾਰਗ ਚਲਦਿਆਂ
ਉਸਤਤਿ ਕਰੇ ਜਹਾਨੁ ॥
[ਬਾਰਹਮਾਹਾ ਮਾਝ ਮ: ੫, ਪੰ: ੧੩੬

(ਸਭ ਬੱਚੇ ਮੁਗਧ ਹੋਏ ਸੁਣਦੇ ਰਹੇ)



www.AKJ.Org

# ਨਕਲੀ ਨਿਰੰਕਾਰੀਆਂ ਦੀ 'ਅਵਤਾਰ ਬਾਣੀ'

[ ਵਲੋਂ—ਸ: ਅਵਤਾਰ ਸਿੰਘ ਜੀ ਐਮ. ਏ., ਸ਼ਾਹਬਾਦ ਮਾਰਕੰਡਾ ]

ਨਕਲੀ ਨਿਰੰਕਾਰੀ, ਜਿਨ੍ਹਾਂ ਦਾ ਵਰਤਮਾਨ ਡਿੰਭੀ ਗੁਰੂ, ਗੁਰਬਚਨ ਸਿੰਘ ਹੈ, 'ਅਵਤਾਰ ਬਾਣੀ' ਨੂੰ ਆਪਣਾ ਧਾਰਮਿਕ ਗ੍ਰੰਥ ਮੰਨਦੇ ਹਨ । ਇਨ੍ਹਾਂ ਦੇ ਕੁਸੰਗ ਭਵਨਾਂ (ਜਿਨ੍ਹਾਂ ਨੂੰ ਇਹ ਨਕਲੀਏ, ਸਤਿਸੰਗ ਭਵਨ ਕਹਿੰਦੇ ਹਨ) ਵਿਚ ਧਰਮ ਦੀ ਆੜ ਵਿਚ ਸਭਿੱਤਾਹੀਣ ਕੁਕਰਮ ਕੀਤੇ ਜਾਂਦੇ ਹਨ । ਜੇ ਇਨ੍ਹਾਂ ਦੇ ਭਵਨਾਂ ਨੂੰ ਸਤ-ਭੰਗ-ਭਵਨ ਕਿਹਾ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ । ਸ਼ਰਮ, ਹਯਾ, ਸਭਿੱਤਾ ਤੋਂ ਬਾਲਾਤਰ ਵਾਮ-ਮਾਰਗੀਆਂ ਦਾ ਇਹ ਟੋਲਾ ਧਰਮ ਦੇ ਅਰਥ ਵੀ ਨਹੀਂ ਜਾਣਦਾ ਤਾਂ ਇਨ੍ਹਾਂ ਦੀ ਪੁਸਤਕ ਨੂੰ ਧਾਰਮਿਕ ਗ੍ਰੰਥ ਕਿਵੇਂ ਮੰਨਿਆ ਜਾ ਸਕਦਾ ਹੈ । ਇਸ 'ਅਵਤਾਰ ਬਾਣੀ' ਵਿਚ ਹਰ ਧਰਮ ਅਤੇ ਵਿਸ਼ੇਸ਼ ਤੌਰ ਤੇ 'ਸਿੱਖ ਧਰਮ' ਦੀ ਨਿਖੇਧੀ ਬੜੇ ਕੋਝੇ ਸ਼ਬਦਾਂ ਵਿਚ ਕੀਤੀ ਗਈ ਹੈ, ਜਿਸ ਦਾ ਵਿਸ਼ਲੇਸ਼ਣ ਅਸੀਂ ਆਪਣੇ ਪਾਠਕਾਂ ਦੀ ਜਾਣਕਾਰੀ ਹਿਤ ਉਦਾਹਰਣਾਂ ਸਹਿਤ ਕਰ ਰਹੇ ਹਾਂ ।

ਇਸ ਪੁਸਤਕ ਦੇ ਅਰੰਭ ਹੋਣ ਤੋਂ ਪਹਿਲਾਂ 'ਬੁਧਵੰਤੀ' (ਪਤਨੀ ਅਵਤਾਰ ਸਿੰਘ ਨਕਲੀ ਨਿਰੰਕਾਰੀ) ਦੇ ਨਾਮ ਹੇਠ ਮੰਗਲਾਚਰਣ ਦਰਜ ਹੈ :

ਆਪੇ ਸਭ ਕੁਝ ਕਰ ਰਿਹਾ, ਨਾਂ ਰਖ ਕੇ ਅਵਤਾਰ ।...
ਗੁਰਬਚਨ ਗੁਰੂ ਹੈ ਜਗਤ ਦਾ, ਆਪੇ ਹੈ ਅਵਤਾਰ ।

ਇਸ ਬੁਧਵੰਤੀ (ਨਕਲੀਆਂ ਦੀ ਜਗਤਮਾਤਾ) ਦੁਆਰਾ ਆਪਣੀ ਸਿਫਤ :

'ਧੰਨ ਧੰਨ ਆਖੇ ਜਗਤ ਮਾਂ
ਜਿਸ ਜਾਇਆ ਦੀਨ ਦਿਆਲ',

ਫਿਰ ਇਹ ਕਲਜੁਗੀ ਔਰਤ ਕਲਿਜੁਗੀ ਗੁਰਬਚਨ ਨੂੰ ਨਿਰੰਕਾਰ ਦਾ ਰੂਪ ਦਰਸਾਂਦੀ ਹੋਈ ਆਪਣੀ ਕੁੱਖ ਨੂੰ ਸਫਲ ਕਰਨ ਦਾ ਢੋਂਗ ਰਚਦੀ ਹੈ :

ਰੱਬ ਨੂੰ ਆਪਣੀ ਕੁਖ ਵਸਾ ਕੇ ਜੀਵਨ ਸਫਲਾ ਕੀਤਾ ਹੈ । (ਅਵਤਾਰ ਬਾਣੀ ਪੰਨਾ ੧੭੬)

ਇਸ ਮਹਾਂ ਕਵਿਤ੍ਰੀ ਨੇ ਆਪਣੇ ਪੁਤਰ ਗੁਰਬਚਨ ਨੂੰ ਗੁਰੂ ਹਰਿਗੋਬਿੰਦ ਸਾਹਿਬ ਨਾਲ ਤੁਲਨਾ ਦੇਣ ਦੀ ਹਮਾਇਤ ਕੀਤੀ—

ਅਵਤਾਰ ਗੁਰੂ ਗੁਰਬਚਨ ਬਣਾਇਆ,
ਸਾਰੇ ਜਗ ਦਾ ਖੇਵਣਹਾਰ ।
...ਇਹ ਮਾਲਕ ਮੀਰੀ ਪੀਰੀ ਦਾ,
ਇਹ ਮਾਲਕ ਸਾਰੀ ਤਾਕਤ ਦਾ । (ਪੰ: ੧੭੭)

ਇਸੇ ਪ੍ਰਕਾਰ ਇਸ ਜਗਤ ਦੇ ਖੇਵਨਹਾਰ ਅਵਤਾਰ ਸਿੰਘ ਨਕਲੀ ਦੇ ਇਕ ਏਜੰਟ ਚੇਲੇ 'ਭਾਗਮਲ' ਨੇ ਉਸ ਨੂੰ ਗੁਰੂ ਗੋਬਿੰਦ ਸਿੰਘ ਨਾਲ ਉਪਮਾ ਦਿਤੀ ਹੈ :

'ਕਰਾਮਾਤ ਹੈ ਪੂਰੇ ਗੁਰ ਦੀ,
ਕੱਲਰ ਖੇਤ ਉਗਾ ਸਕਦੈ ।
ਜੇਕਰ ਚਾਹੇ ਚਿੜੀਆਂ ਕੋਲੋਂ,
ਬਾਜਾਂ ਨੂੰ ਮਰਵਾ ਸਕਦੈ ।' (ਪੰਨਾ ੧੯੩)

ਇਹ 'ਅਵਤਾਰ' ਨਕਲੀ-ਨਿਰੰਕਾਰੀ-ਮੰਡਲ ਦੇ ਬਾਨੀ 'ਬੂਟੇ' ਨੂੰ ਨਰ ਸਿੰਘ, ਰਾਮ, ਕ੍ਰਿਸ਼ਨ ਤੇ ਨਾਨਕ ਦਾ ਅਵਤਾਰ ਕਹਿ ਕੇ ਵੱਡਾ ਕੁਫਰ ਤੋਲਦਾ ਹੈ :

'ਸਤਿਜੁਗ ਅੰਦਰ ਏਸੇ ਨੇ ਹੀ,
ਆ ਪ੍ਰਹਿਲਾਦ ਬਚਾਇਆ ਸੀ ।
ਤ੍ਰੇਤਾ ਦੇ ਵਿਚ ਮਾਰ ਕੇ ਰਾਵਣ,
ਦੁਆਪਰ ਕ੍ਰਿਸ਼ਨ ਸਦਾਇਆ ਸੀ ।
ਏਸੇ ਨੇ ਹੀ ਕਲਜੁਗ ਅੰਦਰ,
ਨਾਨਕ ਨਾਮ ਰਖਾਇਆ ਸੀ ।
ਏਸੇ ਨੇ ਹੀ ਰੂਪ ਬਦਲ ਕੇ,
ਬੂਟਾ ਗਿਆਨ ਦਾ ਲਾਇਆ ਸੀ ।
ਆਦਿ ਤੋਂ ਹੈ ਇਹ ਆਪੇ ਇਕੋ,
ਜਿਸ ਨੂੰ ਜਗ ਨਿਰੰਕਾਰ ਕਹੇ ।



www.AKJ.Org

ਬਚਨ ਗੁਰੂ ਦਾ ਹੈ ਰਬ ਆਪੇ,
ਬਾਰ ਬਾਰ ਅਵਤਾਰ ਕਹੇ।' (ਪੰ: ੧੨੪)

ਤਲੀਆਂ ਵਿਚ ਰੱਬ :—

ਸਭ ਧਰਮਾਂ ਦੇ ਲੋਕ ਨਿਰੰਕਾਰ (Formless) ਪਰਮਾਤਮਾ ਨੂੰ ਸਰਬ ਵਿਆਪਕ ਮੰਨਦੇ ਹਨ, ਪਰ ਨਕਲੀਆਂ ਅਨੁਸਾਰ 'ਨਿਰੰਕਾਰ' ਉਨ੍ਹਾਂ ਦੇ ਨਕਲੀ ਗੁਰੂ ਦੀਆਂ ਤਲੀਆਂ ਵਿਚ ਵਸਦਾ ਹੈ।

੧. ਜੁਗ ਜੁਗ ਪਿਆ ਜੁਦਾਈ ਵਾਲਾ,
ਫਟ ਹਿਜਰ ਦਾ ਸੀਤਾ।
ਤੇਰੀਆਂ ਤਲੀਆਂ ਵਿਚੋਂ ਜਦ ਮੈਂ,
ਜਾਮ ਇਲਾਹੀ ਪੀਤਾ ਏ।੨੭੧। (ਪੰ: ੧੨੬)

੨. ਢੂੰਡ ਰਹੀ ਏ ਜਿਸ ਨੂੰ ਦੁਨੀਆਂ,
ਠਾਕਰ ਤੇ ਗੁਰਦੁਆਰੇ ਜਾ।
ਉਹ ਮੇਰੇ ਅਵਤਾਰ ਦੀ ਤਲੀਆਂ
ਦੇ ਵਿਚ ਬੈਠਾ ਆਣ ਖ਼ੁਦਾ।
...ਅਵਤਾਰ ਗੁਰੂ ਹਥ ਕੈਦੀ ਅੱਲਾ... ...
(ਪੰ: ੨੪੬, ਰਾਮਪਾਲ)

੩. ਖਬੀ ਥਲੇ ਸਜੀ ਉਪਰ, ਰਖ ਕਿਹਾ ਅਵਤਾਰ।
ਜੋ ਕੁਝ ਅੰਦਰ ਵੇਖਨੈਂ, ਇਹੋ ਹੈ ਨਿਰੰਕਾਰ।
ਨਿਰੰਕਾਰ ਬੇਰੰਗ ਦੀ, ਕਰ ਲੈ ਖ਼ੂਬ ਪਹਿਚਾਨ।
ਇਹੋ ਅਲ੍ਹਾ ਵਾਹਿਗੁਰੂ, ਇਹੋ ਹੈ ਭਗਵਾਨ।
(ਪੰ: ੨੫੧, ਮੁਖਤਿਆਰ ਸਿੰਘ)

ਇਸੇ ਪ੍ਰਕਾਰ ਵਿਸਥਾਰ ਲਈ ਵੇਖੋ ਪੰ: ੨੧੪, ੨੧੯, ੨੨੮ਉਪਰ ਇਸ ਦੇ ਤਨਖਾਹਦਾਰ ਚੇਲਿਆਂ ਭਗਤਰਾਮ, ਜਸਵੰਤ ਸਿੰਘ ਸ਼ਾਂਤ, ਬਲਵੰਤ ਸਿੰਘ, ਕਮਲਾ,ਆਦਿ ਦੁਆਰਾ ਰਚਿਤ ਕਵਿਤਾਵਾਂ।

ਸਿੱਖ ਧਰਮ ਵਿਰੁਧ :

'ਅਵਤਾਰ ਬਾਣੀ' ਵਿਚ ਅਵਤਾਰ ਸਿੰਘ ਅਤੇ ਉਸ ਦੇ ਨਕਲੀ ਕਵੀਆਂ ਨੇ ਸਿਖ ਧਰਮ ਵਿਰੁੱਧ ਲਿਖਦਿਆਂ ਕੁੱਫਰ ਦੀ ਵੀ ਹੱਦ ਮੁਕਾ ਦਿਤੀ, ਕੁਝ ਉਦਾਹਰਣਾਂ :—

੧. ਰੀਝ ਸਕੇ ਨਾ ਅੰਤਰਯਾਮੀ,
ਲੰਮਿਆਂ ਲੰਮਿਆਂ ਵਾਲਾਂ ਤੇ।੧੪੧।(ਪੰਨਾ ੭੨)

੨. ਜੰਜੂ, ਕਛ ਕਿਰਪਾਨ (ਤੇ ਸੁੰਨਤਾਂ),
ਇਹ ਕੋਈ ਨਾਲ ਲਿਆਏ ਨਹੀਂ।੩੩੬।
(ਪੰਨਾ ੧੫੫)

੩. ਜੰਮਿਆ ਜਦ ਸੈਂ ਸੁਣ ਤੂੰ ਪ੍ਰਾਣੀ,
ਗਲ ਜੰਞੂ ਕ੍ਰਿਪਾਨ ਨਹੀਂ ਸੀ।
...ਆਪੇ ਗਲ ਵਿਚ ਫਾਹੀਆਂ ਪਾ ਕੇ,
ਸਿਰ ਤੇ ਚੁਕੇ ਭਾਰੇ ਨੇ।੧੭੮। (ਪੰਨਾ ੬੧)

੪. ਗ੍ਰੰਥਾਂ ਨੂੰ ਕਰ ਸਜਦੇ ਥਕਾ... ।੮੭। (ਪੰ: ੪੨)

੫. ...ਨਿਤਨੇਮ ਦੀ ਰਾਸ ਸੀ ਪੱਲੇ,
ਏਸੇ ਦਾ ਸੀ ਮੈਨੂੰ ਮਾਣ।
ਮੁਕਤੀ ਦਾ ਰਾਹ ਲਭਣ ਦੇ ਲਈ,
ਬਾਣੀ ਨੂੰ ਨਿਤ ਪੜ੍ਹਦਾ ਸਾਂ।
ਬਿਨ ਦੇਖੇ ਬਿਨ ਸਮਝੇ ਰਬ ਨੂੰ
ਰੇਤ ਦੀ ਪਉੜੀ ਚੜ੍ਹਦਾ ਸਾਂ।

੬. ਲੋਕ-ਦਿਖਾਵੇ ਦੇ ਲਈ ਕੀਤਾ,
ਜੋ ਕੁਝ ਕਰਮ ਕਮਾਇਆ ਮੈਂ।
ਜਾ ਹਰਿ ਮੰਦਰ ਤੜਕੇ ਨਹਾਦਾ,
ਦੁਖਾਂ ਦਾ ਘਬਰਾਇਆ ਮੈਂ।
ਹਰੀ ਕਿਹੜੇ ਹਰਿ ਮੰਦਰ ਵਸਦਾ,
ਇਸ ਦੀ ਸਾਰ ਨ ਜਾਣੀ ਮੈਂ।
ਤੋਤੇ ਵਾਂਗੂ ਪੜ੍ਹ ਕੇ ਪੋਥੀ,
ਰਿਹਾ ਰਿੜਕਦਾ ਪਾਣੀ ਮੈਂ।
(ਪੰਨਾ ੨੧੮,ਜਸਵੰਤ ਸਿੰਘ ਸ਼ਾਂਤ)

ਨਕਲੀ ਚੇਲਿਆਂ ਨੇ ਸਭ ਧਰਮਾਂ ਨੂੰ ਤੇ ਵਿਸ਼ੇਸ਼ ਤੌਰ ਤੇ ਸਿਖ ਧਰਮ ਨੂੰ ਆਪਣੇ ਨਕਲੀ ਗੁਰੂ ਨਾਲੋਂ ਵੀ ਵਧੇਰੇ ਨਿੰਦਿਆ ਹੈ। ਸੰਤੋਖ ਸਿੰਘ ਸ੍ਰੀ ਅੰਮ੍ਰਿਤਸਰ, ਸ੍ਰੀ ਤਰਨਤਾਰਨ ਅਤੇ ਸੁਖਮਨੀ ਸਾਹਿਬ ਦੀ ਬ੍ਰੇਅਦਬੀ ਕਰਦਾ ਹੋਇਆ ਲਿਖਦਾ ਹੈ :—

'ਅੰਮ੍ਰਿਤਸਰ ਜਹੇ ਸਰ ਦਾ ਪਾਣੀ,
ਮੈਲ ਨ ਦਿਲ ਦੀ ਧੋ ਸਕਿਆ।
... ...ਤਰਨਤਾਰਨ ਵਿਚ ਲਾ ਲਾ ਤਾਰੀ,
ਭਵਸਾਗਰ ਨਾ ਤਰ ਸਕਿਆ।
ਪੜ੍ਹ ਸੁਖਮਨੀ ਸੁਖ ਨ ਲੱਭਾ,
ਜੀਅ ਨਾ ਮੇਰਾ ਠਹਿਰ ਸਕਿਆ।

ਇਸੇ ਪ੍ਰਕਾਰ ਜੁਗਲ ਕਿਸ਼ੋਰ ਨੇ ਸਭ ਧਾਰਮਕ ਗ੍ਰੰਥਾਂ ਨੂੰ ਨਿੰਦਿਆ ਹੈ (ਪੰਨਾ ੨੦੩), ਰਾਮ ਚੰਦ ਨੇ ਗੁਰਦੁਆਰੇ ਦੀ ਨਿਖੇਧੀ ਕੀਤੀ ਹੈ (ਪੰਨਾ ੨੦੪), ਅਮਰ ਸਿੰਘ ਨੇ ਅੰਮ੍ਰਿਤ ਤੇ ਪਾਠ ਨੂੰ ਬੁਰਾ ਕਿਹਾ ਹੈ, (ਪੰਨਾ ੨੦੬), ਰੂਪ ਲਾਲ ਨੇ ਅਖੰਡ ਪਾਠ ਨੂੰ



www.AKJ.Org

ਅੰਧਿਆਰੇ ਨਾਲ ਤੁਲਨਾ ਦਿਤੀ ਹੈ (ਪੰ: ੨੧੧), ਜਸਵੰਤ ਸਿੰਘ ਸ਼ਾਂਤ ਨੇ ਅੰਮ੍ਰਿਤ ਅਤੇ ਸਿਖ ਮਰਯਾਦਾ ਦੀ ਨਿਰਮੂਲ ਭੰਡੀ ਕਰਨ ਦਾ ਨਿਹਫਲ ਯਤਨ ਕੀਤਾ ਹੈ, ਅਤੇ ਹਰਿਮੰਦਰ ਸਾਹਿਬ ਦੀ ਸ਼ਾਨ ਵਿਰੁਧ ਵੀ ਲਿਖਿਆ ਹੈ (ਪੰ: ੨੧੮), ਪ੍ਰੇਮ (ਨਕਲੀ ਚੇਲੀ) ਨੇ ਕੀਰਤਨ ਸੋਹਿਲਾ, ਅੰਮ੍ਰਿਤਸਰ, ਪੰਜਾ ਸਾਹਿਬ ਤੇ ਹੋਰ ਧਰਮਾਂ ਦੀ ਖੂਬ ਨਿੰਦਿਆ ਕੀਤੀ ਹੈ, (ਪੰਨਾ ੨੩੭), ਸਰਦਾਰਾ ਸਿੰਘ ਗੁਰਸਿਖੀ ਦਾ ਆਪਣਾ ਪਿਛੋਕੜ ਦਰਸਾ ਕੇ ਨਿਤਨੇਮ ਨੂੰ ਛੁਟਿਆਂਦਾ ਹੈ, ਦਾਨ ਤੇ ਲੰਗਰ ਨੂੰ ਪ੍ਰਭੂ ਮਿਲਣ ਲਈ ਦਲਾਲੀ ਕਹਿੰਦਾ ਹੈ :

ਹੋਸ਼ ਸੰਭਾਲੀ ਫੜ ਲੀਤਾ ਪੂਜਾ ਪਾਠ ਮਧਾਣੀ ਨੂੰ।
ਵਰ੍ਹੇ ਅਠੱਤੀ ਰਿਹਾ ਰਿੜਕਦਾ,
ਨਿਤਨੇਮ ਦੇ ਪਾਣੀ ਨੂੰ।
...ਪ੍ਰਭੂ ਮਿਲਣ ਲਈ ਦਾਨ ਤੇ ਲੰਗਰ-
ਦਿਤੀ ਖੂਬ ਦਲਾਲੀ ਮੈਂ। (ਪੰ: ੨੪੭)

ਭਾਗ ਸਿੰਘ ਗੁਰੂ ਨਾਨਕ ਦੇ ਘਰ ਨੂੰ ਅੰਨ੍ਹਾ ਖੂਹ ਕਹਿੰਦਾ ਹੈ :

'ਗੁਰੂ ਨਾਨਕ ਤੇ ਸ਼ਰਧਾ ਮੇਰੀ,
ਪਿਆਰ ਵੀ ਉੱਚਾ ਸੁੱਚਾ ਸੀ।
ਪੂਰਾ ਗੁਰ ਅਵਤਾਰ ਜਾਂ ਮਿਲਿਆ,
ਰਮਿਆ ਰਾਮ ਵਿਖਾ ਦਿਤਾ।
ਅੰਨ੍ਹੇ ਖੂਹ ਚੋਂ ਕੱਢ ਕੇ ਮੈਨੂੰ,
ਸਿੱਧੇ ਰਾਹ ਤੇ ਪਾ ਦਿਤਾ।' (ਪੰ: ੧੯੨)

ਹਿੰਦੂ ਧਰਮ ਵਿਰੁਧ 'ਅਵਤਾਰ ਬਾਣੀ' ਦੇ ਪਦ ਨੰ: ੪੩/੨੨-੨੩ (ਪੰ:), ੮੦/੩੯ (ਪੰ:), ੮੦/੩੮ (ਪੰ:), ੮੯/੫੪ (ਪੰ:), ੯੨/੪੫ (ਪੰ:), ਪੰ. ੨੧੬ (ਨਿਰਮਲ ਜੋਸ਼ੀ) ਪੰ: ੨੩੭ (ਪ੍ਰੇਮ) ਵਿਸ਼ੇਸ਼ ਤੌਰ ਤੇ ਅਧਿਐਨ ਯੋਗ ਹਨ।

ਮੁਸਲਿਮ ਧਰਮ ਵਿਰੁਧ : ਪਦ ਨੰ: ੮੪/੪੧ (ਪੰ:) ਅਤੇ ੨੫੧/੧੨੧ (ਪੰਨਾ) ਵਾਚੋ।

ਸਭ ਧਰਮਾਂ ਵਿਰੁਧ : ੮੭/੪੨ (ਪੰ:), ੨੦੫/੧੦੪ (ਪੰ:), ੩੩੬/੧੫੫ (ਪੰ:) ਇਹ ਉਪਰੋਕਤ ਹਵਾਲੇ ਕੇਵਲ ਉਦਾਹਰਣ ਮਾਤਰ ਅੰਕਿਤ ਕੀਤੇ ਗਏ ਹਨ, ਗੂੜ੍ਹ ਅਧਿਐਨ ਕਰਨ ਉਪਰੰਤ ਅਨੇਕਾਂ ਹੋਰ ਉਦਾਹਰਣਾਂ ਮਿਲ ਸਕਦੀਆਂ ਹਨ।

ਗੁਰਬਾਣੀ ਦਾ ਸ਼ੋਸ਼ਣ :—

'ਅਵਤਾਰ ਬਾਣੀ' ਮੌਲਕ ਕ੍ਰਿਤ ਨਹੀਂ, ਬਲਕਿ ਗੁਰਬਾਣੀ ਦਾ ਤਰੋੜ ਮਰੋੜ ਕੇ ਅਨੁਵਾਦ ਕੀਤਾ ਗਿਆ ਹੈ ਅਤੇ ਪੂਰੀ ਤਰ੍ਹਾਂ ਗੁਰਬਾਣੀ ਦਾ ਸ਼ੋਸ਼ਣ (Exploitation) ਕੀਤਾ ਗਿਆ ਹੈ। ਉਦਾਹਰਣ ਮਾਤ੍ਰ 'ਅਵਤਾਰ ਬਾਣੀ' ਦੇ ਕੁਝ ਪਦ ਪੇਸ਼ ਕੀਤੇ ਜਾਂਦੇ ਹਨ, ਜਿਨ੍ਹਾਂ ਤੋਂ ਭਲੀ ਭਾਂਤ ਜਾਣਕਾਰੀ ਹੋ ਜਾਂਦੀ ਹੈ ਕਿ ਗੁਰਬਾਣੀ ਦੀ ਇਸ ਪਾਪੀ (ਅਵਤਾਰ ਸਿੰਘ) ਅਤੇ ਉਸ ਦੇ ਭ੍ਰਸ਼ਟਾਚਾਰੀ ਚੇਲਿਆਂ ਨੇ ਘੋਰ ਬੇਅਦਬੀ ਕੀਤੀ ਹੈ :

(੧) ਅਵਤਾਰ ਬਾਣੀ, ਪੰਨਾ ੧੦

(ੳ) ਕਹੇ ਅਵਤਾਰ ਏ ਇਕੋ ਸੱਚਾ,
ਹੈ ਵੀ, ਹੋਸੀ, ਕਲ ਵੀ ਇਹ।੧੪।

(ਅ) ਇਹ ਨਿਰੰਕਾਰ ਹੈ ਸੱਚਾ ਹਰਦਮ
ਨਾਂ ਇਹਦਾ ਸਚਿਆਈ ਏ।
ਹੈ ਸੀ, ਹੈ ਵੀ, ਹੋਵੇਗਾ ਵੀ,
ਰਚਨਾ ਖੂਬ ਬਣਾਈ ਏ।੬।

ਗੁਰਬਾਣੀ : ਜਪੁਜੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੧

'ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ
ਨਾਨਕ ਹੋਸੀ ਭੀ ਸਚੁ॥'

(੨) ਅਵਤਾਰ ਬਾਣੀ ਪੰਨਾ ੧੬

(ੳ) ਕੋਈ ਕਹਿੰਦੇ ਤਿੰਨ ਦੇਵਤਿਆਂ ਮਿਲ,
ਦੁਨੀਆਂ ਸਗਲ ਬਣਾਈ ਏ।
ਏਸੇ ਨੂੰ ਪ੍ਰਨਾਮ ਨੇ ਮੇਰੇ,
ਏਸੇ ਨੂੰ ਆਦੇਸ ਵੀ ਏ।
ਕਹੈ ਅਵਤਾਰ ਇਹ ਪਾਕ ਅਨਾਦੀ,
ਜੁਗ ਜੁਗ ਇਕੋ ਵੇਸ ਵੀ ਏ।੨੯।

(ਅ) ਤ੍ਰੈ ਲੋਕ ਦਾ ਮਾਲਕ... ...
ਜੁਗ ਜੁਗ ਇਕੋ ਵੇਸ ਸਦਾ।੩੦।



www.AKJ.Org

ਗੁਰਬਾਣੀ : ਜਪੁਜੀ, ਪਉੜੀ ੨੮-੩੧ ਪੰ: ੬-੭
ਮੁੰਦਾ ਸੰਤੋਖੁ ਸਰਮ ਪਤੁ ਝੋਲੀ... ...
ਜੁਗੁ ਜੁਗੁ ਏਕੋ ਵੇਸੁ ।

(੩) 'ਅਵਤਾਰ ਬਾਣੀ' ਪੰਨਾ ੩੧ (ਪਦ ਨੰ: ੬੧) ਵਿਚ ਬ੍ਰਹਮ ਗਿਆਨੀ ਦੇ ਦਰਸਾਏ ਗਏ ਲੱਛਣ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ', (ਪੰਨਾ ੨੭੩-੭੪) ਵਿਚ ਗਉੜੀ ਸੁਖਮਨੀ ਮ: ੫ ਦੀ ਅਸ਼ਟਪਦੀ ੮ ਦੇ ਬ੍ਰਹਮ ਗਿਆਨੀ ਨਾਲ ਪੂਰਾ ਮੇਲ ਖਾਂਦੇ ਹਨ ।

(੪) ਅਵਤਾਰ ਬਾਣੀ ਪੰ: ੭੦
ਸ਼ਬਦ ਗੁਰੂ ਤੇ ਸੁਰਤ ਚੇਲਾ,
ਭੇਦ ਇਹ ਕਦੇ ਪਛਾਣੋ ਨਾ ।੧੩੭।
ਗੁਰਬਾਣੀ : ਰਾਮਕਲੀ ਮ: ੧, ਸਿਧ ਗੋਸਟਿ, ਪੰਨਾ ੯੪੩.
'ਸਬਦੁ ਗੁਰੂ ਸੁਰਤਿ ਧੁਨਿ ਚੇਲਾ' ॥੪੪॥

(੫) ਅਵਤਾਰ ਬਾਣੀ ਪੰ: ੭੭
ਸਭਨਾਂ ਜੀਆਂ ਦਾ ਜੋ ਦਾਤਾ,
ਏਸੇ ਦਾ ਗੁਣ ਗਾਵੇਗਾ ।੪੯।
ਗੁਰਬਾਣੀ, ਜਪੁਜੀ ਪੰ: ੨
ਸਭਨਾ ਜੀਆ ਕਾ ਇਕੁ ਦਾਤਾ,
ਸੋ ਮੈ ਵਿਸਰਿ ਨਾ ਜਾਈ ।।੫ ਅਤੇ ੬.

(੬) ਅਵਤਾਰ ਬਾਣੀ, ਪੰ: ੮੧(ਪਦ ਨੰ: ੧੫੭)– ਝੂਠੀ ਦੁਨੀਆਂ ਝੂਠੀ ਨਗਰੀ, ਝੂਠ ਰਾਜਾ ਤੇ ਸੰਸਾਰ... ... ਦਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ: ੪੬੮ ਵਾਰ ਆਸਾ ਮ: ੧, ਪਉੜੀ ੧੦ ਦੇ ਸਲੋਕ–ਕੂੜ ਰਾਜਾ, ਕੂੜ ਪਰਜਾ, ਕੂੜ ਸਭ ਸੰਸਾਰ– ਨਾਲ ਸਮਤਾ ਵੇਖੋ ।

(੭) ਅਵਤਾਰ ਬਾਣੀ ਪੰਨਾ ੧੦੦
(ੳ) ਕਹੇ ਅਵਤਾਰ ਇਹ ਚੱਕਰ ਚਹਿਨ ਤੇ,
ਰੂਪ ਰੰਗ ਤੋਂ ਨਿਆਰਾ ਏ ।੯੪।
(ਅ) ਬਿਨਾ ਰੂਪ ਰੰਗ ਪਾਣ ਰਹੀ,
ਜੈਹਿ ਰੂਪ ਰੰਗਨ ਪਾਸਾਰ ਕਇਉ ।
ਬਿਨਾ ਚਕਰ ਕੈਹਿ ਚਿਹਨ ਰਹੀ,
ਜੈਹਿ ਢੰਗ ਵੰਗਨ ਵਿਸਤਾਰ ਕਇਓ ।
੩੬੦, (ਪੰ: ੧੬੪)

ਬਾਣੀ ਦਸਮ ਗ੍ਰੰਥ, ਜਪੁ, ਪਾਤਸ਼ਾਹੀ ੧੦
ਚਕ੍ਰ ਚਿਹਨ ਅਰੁ ਬਰਨ ਜਾਤਿ,
ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋ ਕਹਿ ਨ ਸਕਤ ਕਿਹ॥

(੮)ਅਵਤਾਰ ਬਾਣੀ ਪੰਨਾ ੧੫੮
ਪਾਪਾਂ ਬਾਝ ਨ ਹੁੰਦੀ ਕੱਠੀ,
ਉਹ ਵੀ ਜਾਣੀ ਨਾਲ ਨਹੀਂ ।੩੪੫
ਗੁਰਬਾਣੀ ਆਸਾ ਮ: ੧, ਪੰਨਾ ੪੧੭
ਪਾਪਾਂ ਬਾਝਹੁ ਹੋਵੈ ਨਾਹੀ,
ਮੁਇਆ ਸਾਥ ਨ ਜਾਈ ॥

(੯) ਅਵਤਾਰ ਬਾਣੀ, ਪੰਨਾ ੨੪੬
ਅਵਤਾਰ ਗੁਰੂ ਮਿਲ ਆਨੰਦ ਹੋਇਆ,
ਅਨੰਦ ਗੁਰੂ ਤੋਂ ਜਾਣ ਲਿਐ । (ਰਾਮ ਲਾਲ)
ਗੁਰਬਾਣੀ, ਰਾਮਕਲੀ ਮ: ੩, ਅਨੰਦੁ ਪੰ: ੯੧੭
'ਆਨੰਦੁ ਆਨੰਦੁ ਸਭੁ ਕੋ ਕਹੈ,
ਆਨੰਦੁ ਗੁਰੂ ਤੇ ਜਾਣਿਆ' ॥੭॥

(੧੦) ਅਵਤਾਰ ਬਾਣੀ ਪੰਨਾ ੨੪੬
ਅੰਤਰਜਾਮੀ ਪੁਰਖ ਬਿਧਾਤਾ,
ਇਕ ਛਿਨ ਵਿਚ ਪਹਿਚਾਣ ਲਿਐ ।(ਰਾਮ ਪਾਲ)
ਗੁਰਬਾਣੀ : ਰਾਗ ਗਉੜੀ ਪੂਰਬੀ ਮ: ੫ ਪੰਨਾ ੨੦੫ ਅਤੇ ੧੩
ਅੰਤਰਜਾਮੀ ਪੁਰਖ ਬਿਧਾਤੇ,
ਸਰਧਾ ਮਨ ਕੀ ਪੂਰੇ ॥ ੪, ੩, ੧੨੪,

ਉਪਰੋਕਤ ਉਦਾਹਦਣਾਂ ਵਾਂਗ ਅਨੇਕ ਪਦ ਐਸੇ ਹਨ ਜੋ ਗੁਰਬਾਣੀ ਦੇ ਪਦਾਂ ਨੂੰ ਤੋੜ ਮਰੋੜ ਕੇ ਆਪਣੇ ਨਾਮ ਹੇਠ ਜਾਂ ਆਪਣੇ ਡਿੰਭੀ ਚੇਲਿਆਂ ਦੇ ਨਾਮ ਹੇਠ ਇਸ 'ਅਵਤਾਰ ਬਾਣੀ' ਨੂੰ ਵਾਚਿਆਂ ਮਿਲ ਸਕਦੇ ਹਨ ।

ਖਾਣ ਪੀਣ ਅਤੇ ਪਹਿਰਾਵਾ :

ਇਸ 'ਅਵਤਾਰ ਬਾਣੀ' ਅਨੁਸਾਰ ਕਿਸੇ ਵੀ ਪ੍ਰਕਾਰ ਦੇ ਖਾਣ ਪੀਣ ਅਤੇ ਪਹਿਰਾਵੇ ਦੀ ਕੋਈ ਪਾਬੰਦੀ ਨਹੀਂ–ਸ਼ਰਾਬ, ਪਾਨ, ਬੀੜੀ ਸਿਗਰਟ, ਜੂਠ ਖਾਣੀ ਤੇ ਖਿਲਾਉਣੀ ਸਭ ਜਾਇਜ਼ ਹਨ :

(੧) ਰਬ ਨੇ ਕੁਝ ਨਹੀਂ ਖਾਣ ਨੂੰ ਦੱਸਿਆ,


www.AKJ.Org

ਰਬ ਵਲੋਂ ਕੁਝ ਬੰਦ ਨਹੀ।
ਖਾਣ ਪੀਣ ਹੈ ਤਨ ਦੀ ਖਾਤਰ,
ਰੂਹ ਦਾ ਕੋਈ ਸਬੰਧ ਨਹੀਂ। ੯, ਪੰਨਾ ੭

(੨) ਨਿਰੰਕਾਰ ਨੂੰ ਜਾਣੇ ਜਿਹੜਾ,
ਖਾਣਾ ਪੀਣਾ ਸਭ ਪਰਵਾਨ।
ਨਿਰੰਕਾਰ ਨੂੰ ਜਾਣੇ ਜਿਹੜਾ,
ਸਫਲਾ ਉਸ ਦਾ ਪਾਣ ਹੰਢਾਨ।
ਨਿਰੰਕਾਰ ਨੂੰ ਜਾਣੇ ਜਿਹੜਾ,
ਨਹੀਂ ਅਕਾਰਥ ਕੰਮ ਕੋਈ।
ਨਿਰੰਕਾਰ ਨੂੰ ਜਾਣੇ ਜਿਹੜਾ,
ਦੁਖ ਰਹੇ ਨਾ ਗਮ ਕੋਈ।੧੪੫ (ਪੰ: ੭੪)

ਨੋਟ:-ਇਥੇ ਇਹ ਨਕਲੀ, ਬੂਟਾ ਸਿੰਘ, ਅਵਤਾਰ ਸਿੰਘ ਤੇ ਗੁਰਬਚਨ ਨੂੰ ਹੀ ਨਿਰੰਕਾਰ ਮੰਨਦੇ ਹਨ।

(੩) ਕੋਈ ਇਹ ਆਖੇ ਪਾਨ ਬੀੜੀ ਤੇ,
ਸਿਗਰਟ ਮੂੰਹ ਵਿਚ ਪਾਣਾ ਪਾਪ।
ਕੋਈ ਸਮਝਦਾ ਮਾਸ ਮੀਟ ਦੇ,
ਟੁਕੜੇ ਨੂੰ ਹੱਥ ਲਾਉਣਾ ਪਾਪ।
ਕੋਈ ਇਹ ਸਮਝੇ ਕਿਸੇ ਦਾ ਜੂਠਾ,
ਖਾਣਾ ਅਤੇ ਖਿਲਾਣਾ ਪਾਪ।੨੧੦। (ਪੰ: ੧੦੬)

(੪) ਖਾਣ ਪੀਣ ਤੇ ਰਹਿਣ ਸਹਿਣ ਦੇ,
ਬੰਧਨ ਰਬ ਨੇ ਪਾਏ ਨਹੀ।੩੬੩, (ਪੰਨਾ ੧੫੫)

ਉਪਰੋਕਤ ਵਿਸ਼ਲੇਸ਼ਣ ਤੋਂ ਆਪ ਨੇ ਇਨ੍ਹਾਂ ਨਕਲੀ ਨਿਰੰਕਾਰੀਆਂ ਦੀ ਅਸਲੀਅਤ ਜਾਣ ਲਈ ਹੋਵੇਗੀ। ਮਨਮੁਖਾਂ ਅਤੇ ਕਲਿਜੁਗੀ ਗੁਰੂਆਂ ਦੀ ਪਰਿਭਾਸ਼ਾ 'ਅਵਤਾਰ ਬਾਣੀ' ਵਿਚ ਅੰਕਿਤ ਕੀਤੀ ਗਈ ਹੈ–

(੧) ਮਨਮੁਖਾਂ ਦੀ ਇਹੋ ਨਿਸ਼ਾਨੀ,
ਕੰਚਨ, ਕਾਮਨੀ ਪਿਛੇ ਮਰਦੇ।੨੮, [ਪੰ: ੧੬੫

(੨) ਕਈ ਗੁਰੂ ਗਦੀਆਂ ਤੇ ਬਹਿ ਕੇ,
ਮੱਥੇ ਪਏ ਟਿਕਾਂਦੇ ਨੇ।
...ਭੇਖਾਂ ਨਾਲ ਫਸਾਂਦੇ ਚੇਲੇ
ਮਾਲ ਪਰਾਇਆ ਖਾਂਦੇ ਨੇ।
ਡੁਬਦੇ ਆਪ ਤੇ ਚੇਲੇ ਆਪਣੇ
ਨਾਲੇ ਡੋਬੀ ਜਾਂਦੇ ਨੇ। ੩੨੪, [ਪੰਨਾ ੧੫੦

ਸਾਡੇ ਜਾਚੇ ਨਕਲੀ ਨਿਰੰਕਾਰੀ ਬਾਬੇ ਨੇ ਆਪਣੀ ਅਸਲੀਅਤ ਆਪ ਹੀ ਉਪਰੋਕਤ ਪਦਾਂ ਵਿਚ ਦਰ-ਸਾਈ ਹੈ।

ਉਪਰੋਕਤ ਵਿਸ਼ਲੇਸ਼ਣ ਅਸਾਂ ਕੇਵਲ 'ਅਵਤਾਰ ਬਾਣੀ' ਦੇ ਅਧਾਰ ਤੇ ਕੀਤਾ ਹੈ। ਇਹਨਾਂ ਨਕਲੀ ਨਿਰੰਕਾਰੀਆਂ ਦੀ ਇਸ ਤੋਂ ਵਧੇਰੇ ਅਸਲੀਅਤ ਦੋ ਹੋਰ ਪੁਸਤਕਾਂ (੧) ਨਿਰੰਕਾਰੀ ਬਾਬਾ (ਬਲਵੰਤ ਗਾਰਗੀ) ਅੰਗਰੇਜ਼ੀ ਵਿਚ ਅਤੇ (੨) ਹਿੰਦੀ ਵਿਚ 'ਯੁਗ ਪੁਰਸ਼' (ਪੂਰਣ ਪ੍ਰਕਾਸ਼ ਸਾਕੀ) ਤੋਂ ਪ੍ਰਾਪਤ ਹੁੰਦੀ ਹੈ ਅਤੇ ਇਨ੍ਹਾਂ ਦਾ ਪੂਰਾ ਪੋਲ ਇਨ੍ਹਾਂ ਦੇ ਮਾਸਿਕ ਪੱਤਰ 'ਸੰਤ ਨਿਰੰਕਾਰੀ' ਆਦਿ ਤੋਂ ਖੁਲ੍ਹ ਜਾਂਦਾ ਹੈ। ਇਨ੍ਹਾਂ ਵਿਚ 'ਅਵਤਾਰ ਬਾਣੀ' ਦੇ ਪਦਾਂ ਦੀ ਵਿਆਖਿਆ ਦਿਤੀ ਗਈ ਹੈ।

'ਨਿਰੰਕਾਰੀ ਬਾਬਾ' ਪੰਨਾ ੨੨ ਤੇ ਗਾਰਗੀ ਤੇ ਨਿਰੰਕਾਰੀਆਂ ਦੇ ਜਾਲ ਵਿਚ ਫਸੀ ਇਕ ਲੜਕੀ ਰੂਪ ਬਾਲਾ ਸਚਦੇਵ ਦਾ ਇੰਟਰਵਿਊ ਇਸ ਪ੍ਰਕਾਰ ਹੈ :–

Q. Do you believe in free love?
Ans. Yes, it's a physical necessity.
Q. Not sinful ?
Ans. No.

ਸੁਆਲ–ਕੀ ਤੂੰ ਆਜ਼ਾਦੀ ਨਾਲ ਪਿਆਰ ਕਰਨ ਵਿਚ ਯਕੀਨ ਰਖਦੀ ਹੈਂ ?
ਉਤਰ--ਹਾਂ, ਇਹ ਤਾਂ ਸਰੀਰਕ ਕਸਰਤ ਹੈ।
ਸੁਆਲ--ਕੀ ਇਹ ਪਾਪ ਨਹੀਂ ?
ਜੁਆਬ--ਨਹੀਂ ?

ਕਾਨਪੁਰ ਨਿਵਾਸੀ ਇਕ ਅਧਿਆਪਕਾ ਦੀ ਕਹਾਣੀ ਦਾ ਉਦਾਹਰਣ :–

--ਮੈਨੂੰ ਨਿਰੰਕਾਰੀ ਬਾਬੇ ਦੀ ਇਕ ਚੇਲੀ ਕਾਨਪੁਰ ਤੋਂ ਦਰਸ਼ਨ ਕਰਵਾਉਣ ਲਈ ਦਿਲੀ ਲੈ ਕੇ ਆਈ। ਮੈਨੂੰ ਇਕ ਹੋਟਲ ਵਿਚ ਠਹਿਰਾਇਆ ਗਿਆ। ਦੂਜੇ ਦਿਨ ਇਕ ਕਾਰ ਵਿਚ ਬਿਠਾ ਕੇ ਮੈਨੂੰ ਨਿਰੰਕਾਰੀ ਕਾਲੋਨੀ ਲਿਜਾਇਆ ਗਿਆ, ਜਿਥੇ ਮੈਨੂੰ ਨਿਰੰਕਾਰੀ ਬਾਬਾ ਅਵਤਾਰ ਸਿੰਘ ਕੋਲ ਪੇਸ਼ ਕੀਤਾ ਗਿਆ। ਉਸ ਨੇ ਸ਼ਰਾਬਪੀ ਕੇ ਮੇਰੇ ਨਾਲ ਵਿਭਚਾਰ ਕੀਤਾ।

[ਇੰਡੀਅਨ ਆਬਜ਼ਰਵਰ, ਮਿਤੀ ੨੨.੧੦. ੬੫



www.AKJ.Org

ਨਕਲੀ ਨਿਰੰਕਾਰੀਆਂ ਦੀ ਦੂਜੀ ਪਰਚਾਰਕ ਕਾਨਫਰੰਸ (ਮਈ ੧੯੭੩ ਮਸੂਰੀ ਵਿਖੇ) ਸਮੇਂ 'ਖਾਣ-ਪੀਣ' ਦੇ ਵਿਸ਼ੇ ਸੰਬੰਧੀ ਵਿਚਾਰ ਕਰਦਿਆਂ ਸੁਝਾਅ ਪੇਸ਼ ਹੋਇਆ ਕਿ ਰੂਹਾਨੀ ਜਾਨਸ਼ੀਨ ਲਈ ਮਾਸ ਖਾਣ ਦੀ ਆਗਿਆ ਨਹੀਂ ਹੋਣੀ ਚਾਹੀਦੀ। ਇਸ ਉਤੇ ਬਾਬਾ (ਗੁਰਬਚਨ ਸਿੰਘ) ਤਲਮਲਾ ਉਠਿਆ। 'ਮੈਂ ਕਿਵੇਂ ਮਾਸ ਖਾਣ ਦੀ ਮਨਾਹੀ ਕਰ ਸਕਦਾ ਹਾਂ ਜਦ ਕਿ ਮੈਂ ਆਪ ਮਾਸ ਦਾ ਸੇਵਨ ਕਰਦਾ ਹਾਂ। ਕੱਟੜ ਪੰਥੀਆਂ ਨੇ ਸ਼ਰਾਬ ਪੀਣੀ ਸਾਰੇ ਨਿਰੰਕਾਰੀਆਂ ਲਈ ਵਿਵਰਜਤ ਕਰਨ ਦੀ ਜ਼ਿੱਦ ਕੀਤੀ। ਪਰ ਗੁਰਬਚਨ ਸਿੰਘ ਨੇ ਕਿਹਾ ਕਿ ਨਿਰੰਕਾਰੀਸੰਪਰਦਾਇ ਦੇ(ਤੀਜੇ)ਅਸੂਲਅਨੁਸਾਰਖਾਣ ਪੀਣ ਦੀਆਂ ਆਦਤਾਂ ਤੇ ਕਿਸੇ ਕਿਸਮ ਦੀ ਰੋਕ ਟੋਕ ਲਾਉਣ ਦੀ ਮਨਾਹੀ ਹੈ। ਬਾਬਾ ਬੂਟਾ ਸਿੰਘ ਨੇ ਅਜਿਹੀਆਂ ਰੋਕਾਂ ਟੋਕਾਂ ਵਿਰੁਧ ਜਹਾਦ ਕੀਤਾ ਅਤੇ ਖੁਲ੍ਹਮ ਖੁਲ੍ਹਾ ਸ਼ਰਾਬ ਰਜ ਕੇ ਪੀਂਦਾ ਰਿਹਾ। ਬਾਬਾ ਅਵਤਾਰ ਸਿੰਘ ਆਪ ਕਦੀ ਕਦੀ ਆਪਣੀਂ ਹਥੀਂ ਵਿਸਕੀ ਆਪਣੇ ਚੇਲਿਆਂ ਨੂੰ ਦਿਆ ਕਰਦਾ ਸੀ। [ਨਿਰੰਕਾਰੀ ਬਾਬਾ ਅੰਗਰੇਜ਼ੀ, ਪੰਨਾ ੧੬੮

ਇਸ ਨਕਲੀ ਸੰਪਰਦਾਇ ਦੇ ਕੁਕਰਮੀ ਅਨੁਯਾਈਆਂ ਨੂੰ ਉਨ੍ਹਾਂ ਦੇ ਨਕਲੀ ਗੁਰੂ ਨੇ ਸਿਖ ਧਰਮ ਦੀਆਂ ਮਹਾਨ-ਇਤਿਹਾਸਕ-ਵਿਅਕਤੀਆਂ ਦੇ ਨਾਂ ਭਾਈ ਲਾਲੋ, ਭਾਈ ਬੁਢਾ, ਭਾਈ ਗੁਰਦਾਸ ਅਤੇ ਕਬੀਰ ਜੀ ਆਦਿ ਰਖੇ ਹੋਏ ਹਨ।

੧. ਭਾਗ ਸਿੰਘ ਨੂੰ ਬਾਬਾ ਬੁੱਢਾ ਦਾ ਖਿਤਾਬ ਦਿਤਾ ਹੈ। [ਯੁਗ ਪੁਰਸ਼, ਪੰ: ੧੨੨

੨. ਲਾਲ ਚੰਦ ਨੂੰ 'ਭਾਈ ਲਾਲੋ' ਦਾ ਨਾਮ ਦਿਤਾ ਹੈ। [ਯੁਗ ਪੁਰਸ਼, ਪੰਨਾ ੧੨੫

੩. ਜੁਗਲ ਕਿਸ਼ੋਰ ਨੂੰ 'ਕਬੀਰ ਜੀ' ਕਿਹਾ ਹੈ। [ਸੰਤ ਨਿਰੰਕਾਰੀ ਪੰਨਾ ੨, ਜੂਨ ੧੯੭੩

ਇਸੇ ਤਰ੍ਹਾਂ ਲਾਭ ਸਿੰਘ ਆਦਿ ਨੂੰ ਭਾਈ ਗੁਰਦਾਸ ਆਦਿ ਦੀਆਂ ਉਪਾਧੀਆਂ ਨਾਲ ਸ਼ਿੰਗਾਰਿਆ ਹੋਇਆ ਹੈ।

ਸਿੱਖ ਧਰਮ ਦੇ ਪੰਜ ਪਿਆਰਿਆਂ ਦੀ ਪਰੰਪਰਾ ਦੇ ਮੁਕਾਬਲੇ ਵਿਚ ਨਕਲੀ ਨਿਰੰਕਾਰੀਆਂ ਦੇ ਗੁਰੂ ਨੇ 'ਸਤ ਸਿਤਾਰੇ' ਥਾਪੇ ਹਨ। [ਨਿਰੰਕਾਰੀ ਬਾਬਾ ਅੰ:, ਪੰ: ੬੪-੭੪

ਸੇਵਾ ਦਲ—ਵਿਸ਼ਵ ਸਮਾਜ ਨੂੰ ਭ੍ਰਸ਼ਟ ਕਰਨ ਵਾਲੇ ਇਸ ਨਕਲੀ ਗੁਰੂ ਨੇ 'ਸੇਵਾ ਦਲ' ਦੇ ਨਾਂ ਥਲੇ ਹਥਿਆਰ-ਬੰਦ ਫੌਜ ਬਣਾਈ ਹੋਈ ਹੈ। (ਨਿਰੰਕਾਰੀ ਬਾਬਾ, ਪੰਨਾ ੭੩-੭੪) ਜਿਸ ਦਾ ਕਮਾਂਡਰ-ਇਨ-ਚੀਫ ਵੀ ਨਿਯੁਕਤ ਹੈ। ਜਿਸ ਦੇ ਫਲ ਸਰੂਪ ਅਪਰੈਲ, ੧੯੭੮ ਤੋਂ ਲੈ ਕੇ ਹੁਣ ਤਕ ਉਹ ਅੰਮ੍ਰਿਤਸਰ, ਕਾਨਪੁਰ ਤੇ ਦਿਲੀ ਵਿਚ ਅਨੇਕਾਂ ਮਰਜੀਵੜੇ ਸਿੰਘਾਂ ਨੂੰ ਸ਼ਹੀਦ ਕਰ ਚੁਕਿਆ ਹੈ।

ਇਹਨਾਂ ਨਕਲੀ ਨਿਰੰਕਾਰੀਆਂ ਦੀਆਂ ਉਪਰੋਕਤ ਕਰਤੂਤਾਂ ਨੂੰ ਵਾਚਣ ਉਪਰੰਤ ਕੀ ਅਜੇ ਵੀ ਭੁਲੇਖਾ ਰਹਿ ਜਾਂਦਾ ਹੈ ਕਿ ਮਨੁਖੀ ਜਾਮੇ ਵਿਚ ਇਹ ਨਕਲੀਏ ਸ਼ੈਤਾਨ ਦਾ ਰੂਪ ਹਨ ਜੋ ਭਗਵਾਨ ਹੋਣ ਦਾ ਦਾਅਵਾ ਕਰਦੇ ਹਨ।

---


## ਜੀਵਨ-ਕਥਾ ਸ੍ਰੀ ਗੁਰੂ ਅਮਰਦਾਸ ਜੀ

(ਲੇਖਕ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ)

ਨਿਮਾਣਿਆਂ ਦੇ ਮਾਣ ਤੇ ਨਿਤਾਣਿਆਂ ਦੇ ਤਾਣ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ-ਚਮਤਕਾਰਾਂ ਅਤੇ ਹਜ਼ੂਰ ਦੀ ਪਾਵਨ ਬਾਣੀ ਨਾਲ ਜੁੜ ਕੇ ਇਹ ਜੀਵਨ-ਕਥਾ ਅੰਕਤ ਕੀਤੀ ਗਈ ਹੈ। ਇਤਿਹਾਸ ਵਿਚ ਪਾਏ ਜਾ ਰਹੇ ਭੁਲੇਖਿਆਂ ਨੂੰ ਨਿਤਾਰ ਕੇ ਪੇਸ਼ ਕੀਤਾ ਗਿਆ ਹੈ। ਪੁਸਤਕ ਦੇ ਪਹਿਲੇ ਭਾਗ ਵਿਚ ਜੀਵਨ-ਸਾਖੀਆਂ ਨੂੰ ਮਿਠੀ ਤੇ ਸਤਿਕਾਰ ਭਰੀ ਸ਼ਬਦਾਵਲੀ ਵਿਚ ਬਿਆਨਿਆ ਗਿਆ ਹੈ, ਦੂਜੇ ਭਾਗ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਦੇ ਚਾਨਣੇ ਵਿਚ ਕੁਝ ਮਹੱਤਵ-ਪੂਰਨ ਵਿਸ਼ਿਆਂ ਬਾਰੇ ਗੁਰਮਤਿ ਵਿਚਾਰ ਪੇਸ਼ ਕੀਤੇ ਗਏ ਹਨ।

ਸਫੇ ੧੯੨, ਕਾਗਜ ਤੇ ਛਪਾਈ ਸੁੰਦਰ। ਸੂਰੇ ਦੇ ਪਾਠਕਾਂ ਨੂੰ ਰਿਆਇਤੀ ਭੇਟਾ ਢਾਈ ਰੁਪਏ। ਸਧਾਰਨ ਡਾਕ ਖਰਚ ਸਮੇਤ ਤਿੰਨ ਰੁਪਏ। ਵੀ. ਪੀ. ਰਾਹੀਂ ਪੌਣੇ ਪੰਜ ਰੁਪਏ।





www.AKJ.Org

# ਨਕਲੀ ਨਿਰੰਕਾਰੀ ਬਾਬੇ ਨੂੰ ਚਿੱਠੀ

[ ਵਲੋਂ—ਸ: ਮਹਿੰਦਰ ਸਿੰਘ ਜੀ 'ਭੰਵਰਾ' 56 A. P. O. ]

ਬਾਬਿਆ ! ਨਾ ਰੋਲ ਐਵੇਂ ਨਾਮ ਨਿਰੰਕਾਰ ਦਾ ।
ਨਿਰੰਕਾਰ ਹੁੰਦੈ ਸੱਚਾ ਸੁੱਚਾ, ਸਾਗਰ ਹੈ ਪਿਆਰ ਦਾ ।
ਲੋਕਾਂ ਦੀਆਂ ਹਿੱਕਾਂ ਵਿਚ ਉਹ ਗੋਲੀਆਂ ਨਹੀਂ ਮਾਰਦਾ।
ਬਾਬਿਆ ਨਾ ਰੋਲ ਐਵੇਂ ਨਾਮ ਨਿਰੰਕਾਰ ਦਾ ।੧।

ਨਿਰੰਕਾਰ ਸਦਾ ਨਿਰਵੈਰ ਹੁੰਦੈ ਪਾਪੀਆ !
ਤੂੰ ਤੇ ਖ਼ੂਨ ਪੀ ਰਿਹਾ ਏਂ ਲੋਕਾਂ ਦਾ ਸਰਾਪੀਆ !
ਮੂਰਤੀ ਏਂ ਕਾਮ ਦੀ ਤੇ ਲੋਥੜਾ ਵਿਕਾਰ ਦਾ ।
ਬਾਬਿਆ ਨਾ ਰੋਲ ਐਵੇਂ ਨਾਮ ਨਿਰੰਕਾਰ ਦਾ ।੨।

ਗੁਰੂ ਨਾਨਕ ਦੇ ਘਰ ਨਾਲ ਐਵੇਂ ਮੱਥਾ ਲਾ ਰਿਹਾਂ ।
ਯਾਦ ਰੱਖ ! ਇਸੇ ਦਾ ਉਧਾਰ ਹੈਂ ਤੂੰ ਖਾ ਰਿਹਾਂ ।
ਭੰਡੇਂ ਨਿਤ ਰੂਪ ਸੋਹਣੇ ਗੁਰੂ ਦਰਬਾਰ ਦਾ ।
ਬਾਬਿਆ ਨਾ ਰੋਲ ਐਵੇਂ ਨਾਮ ਨਿਰੰਕਾਰ ਦਾ ।੩।

ਧਰਮਰਾਏ ਕਦੇ ਨਹੀਂ ਮਨਿਸਟਰਾਂ ਦੀ ਮੰਨਦਾ ।
ਮੁੱਲ ਨਹੀਂ ਪੈਣਾ ਉਥੇ ਗੋਰੇ ਚਿੱਟੇ ਚੰਮ ਦਾ ।
ਮੁੱਲ ਪੈਂਦਾ ਸਦਾ ਉਥੇ ਸੁੱਚੇ ਕਿਰਦਾਰ ਦਾ ।
ਬਾਬਿਆ ਨਾ ਰੋਲ ਐਵੇਂ ਨਾਮ ਨਿਰੰਕਾਰ ਦਾ ।੪।

ਤੱਕ ਲਾਂਗੇ ਜਿਹੜਾ ਤੈਨੂੰ ਦੇ ਰਿਹਾ ਏ ਥਾਪੀਆਂ ।
ਖੁੱਡ 'ਚ ਛੁਪਾ ਕੇ ਤੈਨੂੰ ਕਰ ਰਿਹਾ ਏ ਰਾਖੀਆਂ ।
ਕਦੇ ਤੇ ਬਣੇਂਗਾ ਲੇਲਾ ਸਿੰਘਾਂ ਦੇ ਸ਼ਿਕਾਰ ਦਾ ।
ਬਾਬਿਆ ਨਾ ਰੋਲ ਐਵੇਂ ਨਾਮ ਨਿਰੰਕਾਰ ਦਾ ।੫।

ਕਦੇ ਮੀਰ ਮੰਨੂੰ ਨੇ ਇਹ ਹੋਣੀਆਂ ਸੀ ਕੀਤੀਆਂ ।
ਅੱਜ ਬਾਬਾ ਬਣ ਕੇ ਨਿਭਾਈਆਂ ਤੂੰ ਉਹ ਰੀਤੀਆਂ ।
ਪਰ ਕੇਸਰੀ ਨਿਸ਼ਾਨ ਨਹੀਂ ਝੁਕਦਾ ਦਾਤਾਰ ਦਾ ।
ਬਾਬਿਆ ਨਾ ਰੋਲ ਐਵੇਂ ਨਾਮ ਨਿਰੰਕਾਰ ਦਾ ।੬।

ਨੀਫਾ ਤੇ ਲੱਦਾਖ ਤੱਕ ਖਾਲਸੇ ਨੇ ਗੱਜਦੇ ।
ਜਦੋਂ ਪੈਂਦੀ ਲੋੜ ਝੰਡੇ ਖਾਲਸੇ ਨੇ ਗੱਡਦੇ ।
ਕਰ ਲਾਂਗੇ ਲੇਖਾ ਤੇਰੀ ਮਾਣੂਆਂ ਦੀ ਡਾਰ ਦਾ ।
ਬਾਬਿਆ ਨਾ ਰੋਲ ਐਵੇਂ ਨਾਮ ਨਿਰੰਕਾਰ ਦਾ ।੭।

ਇਕੋ ਸੂਝ ਖਾਲਸੇ ਨੂੰ ਦਿੱਤੀ ਗੁਰੂ ਗ੍ਰੰਥ ਨੇ ।
ਕਦੇ ਨਹੀਂ ਗ਼ਦਾਰ ਪੈਦਾ ਹੋਣ ਦੇਣੇ ਪੰਥ ਨੇ ।
ਬਾਜ਼ ਆ ਜਾ ਰਾਹ ਫੜ ਗੁਰਾਂ ਦੇ ਦੁਆਰ ਦਾ ।
ਬਾਬਿਆ ਨਾ ਰੋਲ ਐਵੇਂ ਨਾਮ ਨਿਰੰਕਾਰ ਦਾ ।੮।

---

## ਫ਼ਿਰੋਜ਼ਪੁਰ ਛਾਉਣੀ ਵਿਖੇ ਰੈਣ ਸਬਾਈ ਕੀਰਤਨ

ਭਾਈ ਬਲਵੰਤ ਸਿੰਘ ਖਾਲਸਾ ਇਤਲਾਹ ਦੇਂਦੇ ਹਨ ਕਿ ਅਖੰਡ-ਕੀਰਤਨੀ ਜਥਾ ਫ਼ਿਰੋਜ਼ਪੁਰ ਵਲੋਂ ੧੯ ਜੂਨ ਸ਼ਨੀਚਰਵਾਰ ਦੀ ਰਾਤ ਨੂੰ ਭਾਈ ਬਲਬੀਰ ਸਿੰਘ ਜੀ ਦੇ ਗ੍ਰਿਹ ਵਿਖੇ, ਜੋ ਕਿ ਕੈਨਟੋਨਮੈਂਟ ਬੋਰਡ ਵਿਖੇ ਰਹਿੰਦੇ ਹਨ, ਰੈਣ ਸਬਾਈ ਕੀਰਤਨ ਹੋ ਰਹੇ ਹਨ । ਸੰਗਤਾਂ ਦਰਸ਼ਨ ਦੇ ਕੇ ਲਾਹੇ ਪ੍ਰਾਪਤ ਕਰਨ ਜੀ ।

## ਪਿੰਡ ਹਰਿਆਣਾ (ਹੁਸ਼ਿਆਰਪੁਰ) ਵਿਖੇ ਸਾਲਾਨਾ ਰੈਣ ਸਬਾਈ ਕੀਰਤਨ

ਭਾਈ ਰੇਸ਼ਮ ਸਿੰਘ ਖਾਲਸਾ ਇਤਲਾਹ ਦਿੰਦੇ ਹਨ ਕਿ ਹਰਿਆਣਾ (ਜ਼ਿਲਾ ਹੁਸ਼ਿਆਰਪੁਰ) ਗੁਰਦਵਾਰਾ ਮਹੱਲਾ ਰਾਣਕਾਂ ਵਿਖੇ ੧੯ ਜੂਨ ਸ਼ਨੀਵਾਰ ਦੀ ਰਾਤ ਨੂੰ ਸਾਲਾਨਾ ਰੈਣ ਸਬਾਈ ਕੀਰਤਨ ਹੋ ਰਹੇ ਹਨ । ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ । ਪਿੰਡ ਹਰਿਆਣਾ ਹੁਸ਼ਿਆਰਪੁਰ ਦਸੂਹਾ ਰੋਡ ਤੇ ਹੈ । ਹੁਸ਼ਿਆਰਪੁਰ ਤੋਂ ਸ਼ਾਮ ਨੂੰ ਟਰੱਕ ਚਲੇਗਾ ।

---

**ਗੁਰਮੁਖ ਪਾਠਕ ਜੀ—** (੧) ਗੁਰਮਤਿ ਦੇ ਪਰਚਾਰ ਨੂੰ ਵਧਦਾ ਫੁਲਦਾ ਰਖਣ ਲਈ 'ਸੂਰਾ' ਪੱਤਰ ਦੇ ਵਧ ਤੋਂ ਵਧ ਨਵੇਂ ਮੈਂਬਰ ਬਣਾਓ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ ।

(੨) ਚਿੱਠੀ ਪੱਤਰ ਤੇ ਰਕਮ ਭੇਜਣ ਲਗਿਆਂ ਆਪਣਾ **ਚਿਟ ਨੰਬਰ** ਜ਼ਰੂਰ ਲਿਖੋ ਜੀ, ਜੋ ਅਸੀਂ ਹਰ ਮਹੀਨੇ ਐਡਰੈਸ ਦੇ ਨਾਲ ਤੁਹਾਨੂੰ ਲਿਖ ਕੇ ਭੇਜਦੇ ਹਾਂ ।

(੩) ਮਹੀਨੇ ਦੇ ਅੱਧ ਤਕ ਵੀ ਜੇ ਪਰਚਾ ਨਾ ਪੁਜੇ ਤਾਂ ਹੋਰ ਪਰਚਾ ਭੇਜਣ ਲਈ ਕਾਰਡ ਲਿਖੋ ਜੀ ।



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬੇਅਦਬ ਦੋਸ਼ੀਆਂ ਨੂੰ ਫਾਂਸੀ ਲਾਓ

## *ਐਡੀਟੋਰੀਅਲ ਨੋਟ--ਟੌਹੜਾ ਸਾਹਿਬ, ਦਿਲੀ ਜਾਓ !*

[ ਵਲੋਂ—ਸ: ਅਮਰ ਸਿੰਘ ਜੀ ਦੁਸਾਂਝ ]

ਗੁਰਦੁਆਰਾ ਬਾਗਮਾੜੀ ਪੱਛਮੀ ਬੰਗਾਲ ਵਿਖੇ ਹੈ, ਜਿਥੇ ਸ੍ਰੀ ਜਯੋਤੀ ਬਾਸੂ ਮੁਖ ਮੰਤਰੀ ਹਨ। ਗੁਰੂ ਪੰਥ ਨੇ ਜਦੋਂ ਇਹ ਖਬਰ ਪੜ੍ਹੀ ਕਿ ਇਸ ਗੁਰਦੁਆਰੇ ਨੂੰ ਬੇਰਹਿਮੀ ਨਾਲ ਸਾੜ ਦਿਤਾ ਗਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿਤਰ ਦੇਹ, ਜਿਸ ਨੂੰ ਕਰੋੜਾਂ ਲੋਕ ਨਮਸਕਾਰ ਕਰਦੇ ਹਨ ਅਤੇ ਮਸਤਿਕ ਝੁਕਾਉਂਦੇ ਹਨ, ਉਸ ਨੂੰ ਭੀ ਅਗਨੀ ਭੇਂਟ ਕਰ ਦਿਤਾ ਗਿਆ, ਤਾਂ ਸਿਖ ਜਗਤ ਅੰਦਰ ਰੋਹ, ਦੁਖ ਅਤੇ ਗੁਸੇ ਦੀ ਲਹਿਰ ਦੌੜ ਗਈ। ਵਾਹਗੇ ਤੋਂ ਲੈ ਕੇ ਕੰਨਿਆ ਕੁਮਾਰੀ ਤੀਕ ਅਤੇ ਬੰਬਈ ਤੋਂ ਲੈ ਕੇ ਆਸਾਮ ਦੀਆਂ ਪਹਾੜੀਆਂ ਤੀਕ ਜਿਥੇ ਜਿਥੇ ਭੀ ਕੋਈ ਸਿਖ ਬੈਠਾ ਹੈ, ਉਸ ਦਾ ਹਿਰਦਾ ਵਲੂੰਧਰਿਆ ਗਿਆ। ਸੱਜਲ ਨੈਣਾਂ ਨਾਲ ਅਜ ਸਿਖ ਕੌਮ ਭਾਰਤ ਮਾਂ ਤੋਂ ਪੁਛਦੀ ਹੈ ਕਿ ਕਦੋਂ ਤੀਕ ਸਾਡੇ ਇਸ਼ਟ ਅਤੇ ਈਮਾਨ ਦਾ ਘੋਰ ਅਪਮਾਨ ਹੁੰਦਾ ਰਹੇਗਾ ?

ਸ: ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼ਰੋਮਣੀ ਕਮੇਟੀ ਨੇ ਚੰਗਾ ਕੀਤਾ, ਜੋ ਤੁਰਤ ਹੀ ਕਲਕੱਤੇ ਪੁਜੇ ਅਤੇ ਹਾਲਾਤ ਦਾ ਆਪਣੇ ਨੈਣਾਂ ਨਾਲ ਜਾਇਜ਼ਾ ਲਿਆ। ਵਾਪਸੀ ਸਮੇਂ ਆਪ ਨੇ ਸਿਖ ਪੰਥ ਨੂੰ ਅਪੀਲ ਕੀਤੀ ਕਿ ਇਸ ਅਵੱਗਿਆ ਦਾ ਪਸਚਾਤਾਪ ਕਰਨ ਲਈ ੨੦ ਮਈ ਨੂੰ ਰੋਸ ਦਿਵਸ ਮਨਾਇਆ ਜਾਏ ਅਤੇ ਇਸ ਨਮਿਤ ਰਖੇ ਅਖੰਡ ਪਾਠਾਂ ਦੇ ਭੋਗ ਪਾਏ ਜਾਣ। ਧਰਮ ਦੀ ਜੋ ਬੇਅਦਬੀ ਕੀਤੀ ਗਈ ਹੈ, ਉਸ ਲਈ ਧਾਰਮਿਕ ਦ੍ਰਿਸ਼ਟੀਕੋਣ ਤੋਂ ਅਜਿਹਾ ਕਰਨਾ ਜ਼ਰੂਰੀ ਹੈ, ਪ੍ਰੰਤੂ ਅਸੀਂ ਟੌਹੜਾ ਸਾਹਿਬ ਨੂੰ ਮਸ਼ਵਰਾ ਦਿਆਂਗੇ ਕਿ ਇਕ ਵਿਸ਼ਾਲ ਡੈਪੂਟੇਸ਼ਨ ਲੈ ਕੇ ਉਹ ਭਾਰਤ ਦੇ ਗ੍ਰਹਿ ਮੰਤਰੀ ਨੂੰ ਮਿਲਣ ਅਤੇ ਪ੍ਰਧਾਨ ਮੰਤਰੀ ਸ੍ਰੀ ਡੇਸਾਈ ਜੀ ਕੋਲ ਯਾਦ ਪੱਤਰ ਪੇਸ਼ ਕਰਨ। ਜੋਰਦਾਰ ਸ਼ਬਦਾਂ ਵਿਚ ਹਿੰਦ ਸਰਕਾਰ ਨੂੰ ਇਹ ਦਸਿਆ ਜਾਵੇ ਕਿ ਅਸੀਂ ਇਹੋ ਜਿਹੀਆ ਅਪਮਾਨ ਜਨਕ ਘਟਨਾਵਾਂ ਹਰਗਿਜ਼ ਹਰਗਿਜ਼ ਨਹੀਂ ਜਰਾਂਗੇ।

ਸਿਖ ਕਈ ਪ੍ਰਕਾਰ ਦੀ ਵਧੀਕੀ ਸਹਿਣ ਕਰ ਸਕਦਾ ਹੈ, ਕਿਉਂਕਿ ਉਸ ਵਿਚ ਸ਼ਹਿਨਸ਼ੀਲਤਾ ਹੈ ਪ੍ਰੰਤੂ ਗੁਰੂ ਗ੍ਰੰਥ ਸਾਹਿਬ ਦੀ ਇਜ਼ਤ ਉਤੇ ਕੀਤੇ ਗਏ ਹਮਲੇ ਨੂੰ ਸਹਾਰਨਾ ਉਸ ਲਈ ਕਠਿਨ ਹੈ।

ਅਸੀਂ ਮੰਗ ਕਰਦੇ ਰਹੇ ਹਾਂ ਕਿ ਬਾਗਮਾੜੀ ਦੇ ਦੋਸ਼ੀਆਂ ਨੂੰ ਕਰੜੀ ਸਜ਼ਾ ਦਿਤੀ ਜਾਏ ਅਤੇ ਭਾਰਤ ਸਰਕਾਰ ਕਾਨੂੰਨ ਵਿਚ ਅਜਿਹੀ ਸੋਧ ਕਰੇ ਕਿ ਜਿਵੇਂ ਕਿਸੇ ਕਾਤਿਲ ਨੂੰ ਫਾਂਸੀ ਦੀ ਸਜ਼ਾ ਦਿਤੀ ਜਾਂਦੀ ਹੈ, ਤਿਵੇਂ ਹੀ ਗੁਰੂ ਗ੍ਰੰਥ ਸਾਹਿਬ ਨੂੰ ਸਾੜਨ ਦੀ ਸਜ਼ਾ ਗੰਭੀਰ ਅਤੇ ਸਿਖਿਆਦਾਇਕ ਹੋਵੇ। ਅਸੀਂ ਗਰੰਟੀ ਚਾਹੁੰਦੇ ਹਾਂ ਕਿ ਇਸ ਪ੍ਰਕਾਰ ਦੀ ਘਟਨਾ ਮੁੜ ਦੇਸ਼ ਵਿਚ ਨਾ ਵਾਪਰੇ। ਸ: ਟੌਹੜਾ ਨੂੰ ਚਾਹੀਦਾ ਹੈ ਕਿ ਆਪਣੇ ਸਮੂੰਹ ਰੁਝੇਵੇਂ ਤਿਆਗ ਕੇ ਦਿੱਲੀ ਪੁਜਣ ਅਤੇ ਇਸ ਬਾਰੇ ਨਿਰਣਾਜਨਕ ਅਤੇ ਦੋ ਟੁੱਕ ਗੱਲ ਭਾਰਤ ਦੇ ਆਗੂਆਂ ਨਾਲ ਕਰਕੇ ਵਾਪਿਸ ਪਰਤਣ। ਬਤੌਰ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਦੇ ਉਹਨਾਂ ਦਾ ਫਰਜ਼ ਹੈ ਕਿ ਇਸ ਪਾਸੇ ਪੂਰਾ ਧਿਆਨ ਦੇਣ।

ਸਿਖ ਕੱਚ ਦੀਆਂ ਵੰਗਾਂ ਨਹੀਂ ਅਤੇ ਨਾ ਹੀ ਇਹ ਆਟੇ ਦੀਆਂ ਗਊਆਂ ਹਨ। ਸਿਖ ਭਲੀ ਭਾਂਤ ਜਾਣਦੇ ਹਨ ਕਿ ਜੇ ਜੀਊਣਾ ਹੈ ਤਾਂ ਅਣਖ ਨਾਲ ਅਤੇ ਜੇ ਮਰਨਾ ਹੈ ਤਾਂ ਭੀ ਅਣਖ ਨਾਲ।

ਆਸ ਹੈ ਕਿ ਦਿੱਲੀ ਦੀ ਸਰਕਾਰ ਤੁਰਤ ਹਰਕਤ ਵਿਚ ਆਏਗੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਦੋਸ਼ੀਆਂ ਨੂੰ ਅਜਿਹਾ ਦੰਡ ਦਏਗੀ, ਜਿਸ ਨਾਲ ਵਾਤਾਵਰਨ ਵਿਚ ਇਹ ਪ੍ਰਭਾਵ ਪੈ ਜਾਏ ਕਿ ਸਿਖ ਆਪਣੇ ਪ੍ਰਾਣਾਂ ਤੋਂ ਪਿਆਰੇ ਗੁਰਦੁਆਰਿਆਂ ਦੀ ਬੇਅਦਬੀ ਨੂੰ ਕਿਸੇ ਕੀਮਤ ਅਤੇ ਕਿਸੇ ਹਾਲਤ ਵਿਚ ਭੀ ਬਰਦਾਸ਼ਤ ਨਹੀਂ ਕਰਦੇ।

ਅਕਾਲੀ ਪਤ੍ਰਕਾ, 17-5-79



www.AKJ.Org

# ਨੌਜਵਾਨ ਗੁਰਦੁਆਰੇ ਨਾਲ ਕਿਵੇਂ ਜੁੜਨ ?

## ਗੁਰਦੁਆਰਾ ਸੁਧਾਰ ਲਹਿਰ ਦੀ ਨਵੇਂ ਸਿਰੇ ਲੋੜ

[ਸ: ਜਤਿੰਦਰਪਾਲ ਸਿੰਘ ਐਮ.ਏ. ਸੇਵਾਦਾਰ, ਕੇਂਦਰੀ ਦਫਤਰ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਮਾਡਲ ਟਾਊਨ, ਲੁਧਿਆਣਾ]

ਸਿੰਘਾਂ ਦੀ ਘਾਲ, ਮੁਸ਼ੱਕਤ ਤੇ ਕੁਰਬਾਨੀਆਂ ਦਾ ਸਦਕਾ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਸੰਨ ੧੯੨੫ ਵਿਚ ਗੁਰਦਵਾਰਾ ਕਾਨੂੰਨ ਬਨਣ ਨਾਲ ਪੰਥ ਦੇ ਜਥੇਬੰਦਕ ਪ੍ਰਬੰਧ ਹੇਠ ਆਈ। ਮਹੰਤਾਂ ਨੇ ਜਦੋਂ ਗੁਰਦਵਾਰਿਆਂ ਦੀ ਆਮਦਨ ਤੇ ਇਹਨਾਂ ਧਰਮ-ਸਥਾਨਾਂ ਨੂੰ ਆਪਣੇ ਨਿਜੀ ਸਵਾਰਥਾਂ ਤੇ ਅੰਗਰੇਜ਼ ਦੇ ਪਿੱਠੂ ਬਣ ਅਜ਼ਾਦੀ ਲਹਿਰ ਨੂੰ ਕੁਚਲਣ ਲਈ ਵਰਤਣਾ ਸ਼ੁਰੂ ਕਰ ਦਿਤਾ ਤਾਂ ਗੁਰੂ ਕੇ ਖਾਲਸੇ ਨੇ ਕਮਰਕੱਸੇ ਕੀਤੇ। ਨਨਕਾਣੇ ਸਾਹਿਬ ਦਾ ਸਾਕਾ ਤੇ ਇਹੋ ਜਿਹੇ ਕਈ ਸਾਕੇ ਵਰਤੇ। ਆਖ਼ਰ ਇਤਿਹਾਸਕ ਗੁਰ-ਦਵਾਰਿਆਂ ਦੀ ਸੇਵਾ-ਸੰਭਾਲ ਪੰਥਕ ਪ੍ਰਬੰਧ ਹੇਠ ਆਈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਨਿਗਰਾਨੀ ਹੇਠ ਇਤਿਹਾਸਕ ਗੁਰਦਵਾਰਿਆਂ ਦਾ ਪ੍ਰਬੰਧ ਪਿਛਲੇ ੫੪ ਸਾਲਾਂ ਤੋਂ ਚਲ ਰਿਹਾ ਹੈ।

ਸਾਡੇ ਆਲੇ ਦੁਆਲੇ, ਸਾਡੇ ਸ਼ਹਿਰ, ਸਾਡੇ ਪਿੰਡ ਜਾਂ ਸਾਡੇ ਮਹੱਲੇ ਵਿਚ ਜਿਹੜਾ ਵੀ ਗੁਰਦੁਆਰਾ ਹੈ ਉਸ ਦੇ ਪ੍ਰਚਾਰ-ਖੇਤਰ ਵਿਚ ਸਾਡਾ ਰੋਜ਼ਾਨਾ ਜੀਵਨ ਆਉਂਦਾ ਹੈ। ਜੇਕਰ ਅਸੀਂ ਰੋਜ਼ ਗੁਰਦੁਆਰੇ ਜਾਂਦੇ ਹਾਂ ਤਾਂ ਸ਼ਾਇਦ ਅਸੀਂ ਆਪਣੇ ਲਾਗਲੇ ਗੁਰਦਵਾਰੇ ਹੀ ਜਾਵਾਂਗੇ। ਇਤਿਹਾਸਕ ਗੁਰ-ਦਵਾਰਿਆਂ ਦੇ ਰੋਜ਼ ਦਰਸ਼ਨ ਕਰਨ ਦਾ ਸੁਭਾਗ ਤਾਂ ਸ਼ਾਇਦ ਵਿਰਲਿਆਂ ਨੂੰ ਹੀ ਪ੍ਰਾਪਤ ਹੋਵੇ।

ਨੌਜਵਾਨ ਜਦ ਗੁਰਦਵਾਰੇ ਜਾਂਦਾ ਹੈ ਤਾਂ ਵੇਖਦਾ ਹੈ ਕਿ ਗ੍ਰੰਥੀ ਸਿੰਘ ਜਾਂ ਰਾਗੀ ਸਿੰਘ ਉਸ ਦੇ ਸਵਾਲਾਂ ਦਾ ਜਵਾਬ ਦੇਣ ਤੋਂ ਅਸਮਰਥ ਹਨ। ਪੜ੍ਹੇ ਲਿਖੇ ਹੋਣ ਕਰਕੇ ਨੌਜਵਾਨ ਦੀ ਸੋਚਣੀ ਉਸ ਗ੍ਰੰਥੀ ਜਾਂ ਰਾਗੀ ਤੋਂ ਬਹੁਤ ਵਖਰੀ ਹੁੰਦੀ ਹੈ। ਉਹ ਵੇਖਦਾ ਹੈ ਕਿ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਬਹੁਤੀਆ ਮੀਟਿੰਗਾਂ ਗ੍ਰੰਥੀ ਜਾਂ ਰਾਗੀ ਸਿੰਘਾਂ ਨੂੰ ਕੱਢਣ ਜਾ ਰੱਖਣ ਲਈ ਹੀ ਕੀਤੀਆਂ ਜਾਂਦੀਆਂ ਹਨ, ਜਿਸ ਵਿਚ ਕੁਝ ਕੁ ਮੈਂਬਰ ਗ੍ਰੰਥੀ ਜਾ ਰਾਗੀ ਦੇ ਨਿਜੀ ਅਸਰ ਰਸੂਖ ਹੇਠ ਉਹਨਾਂ ਦੇ ਹੱਕ ਵਿਚ ਬੋਲਦੇ ਤੇ ਕੁਝ ਕੁ ਉਹਨਾਂ ਨੂੰ ਕੱਢਣ ਅਤੇ ਨਵੀਂ ਭਰਤੀ ਕਰਨ ਲਈ ਤੁਲੇ ਹੁੰਦੇ ਹਨ। ਪ੍ਰਬੰਧਕ ਕਮੇਟੀਆਂ ਦੇ ਮੈਂਬਰ ਤਾਂ ਸ਼ਾਇਦ ਇਹੋ ਜਿਹੀਆ ਮੀਟਿੰਗਾਂ ਤੇ ਹੀ ਗੁਰਦੁਆਰੇ ਆਉਂਦੇ ਹੋਣਗੇ। ਉਹ ਵੇਖਦਾ ਹੈ ਕਿ ਗੁਰਦਵਾਰੇ ਦੀ ਆਮਦਨ ਦਾ ਬਹੁਤਾ ਹਿੱਸਾ ਗੁਰਦਵਾਰੇ ਦੀ ਇਮਾਰਤ ਅਤੇ ਸੰਗਮਰਮਰ ਦੀਆਂ ਸਿਲਾਂ ਲਗਾਉਣ ਉਤੇ ਖਰਚ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਸੰਦੇਸ਼ ਕਮਾਉਣ ਪ੍ਰਚਾ-ਰਨੇ ਲਈ ਤਾਂ ਕਮੇਟੀ ਦੇ ਮੈਂਬਰਾਂ ਚੋਂ ਬਹੁਤੇ ਤਾਂ ਆਪ ਦਿਲਚਸਪੀ ਹੀ ਨਹੀਂ ਰੱਖਦੇ ਅਤੇ ਬਾਕੀ ਮੈਂਬਰਾਂ ਦਾ ਵੀ ਵੱਸ ਨਹੀਂ ਚਲਣ ਦਿੰਦੇ। ਸੋ ਇਸ ਤਰ੍ਹਾਂ "ਗੁਰੂ ਦੁਆਰੈ ਹੋਇ ਸੋਝੀ ਪਾਇਸੀ"* ਅਤੇ "ਗੁਰਸਿਖੀ ਦਾ ਦੇਖਣਾ ਗੁਰਮੁਖਿ ਸਾਧ ਸੰਗਤ ਗੁਰਦੁਆਰਾ"†ਵਾਲੀ ਗੱਲ ਸਾਡੀਆਂ ਪ੍ਰਬੰਧੀ ਕਮੇਟੀਆਂ ਦੇ ਉਪਰੋਕਤ ਵਤੀਰਿਆਂ ਕਾਰਨ ਅਲੋਪ ਹੋ ਰਹੀ ਹੈ। ਅਤੇ ਇਸ ਤਰ੍ਹਾਂ ਜੇ ਨੌਜਵਾਨਾਂ ਨੂੰ ਸੋਝੀ ਜਾਂ ਸਿਖੀ ਦੀ ਜਾਚ ਹੀ ਪ੍ਰਾਪਤ ਨਾ ਹੋਈ ਤਾਂ ਉਸ ਦਾ ਗੁਰਦਵਾਰੇ ਤੋਂ ਦੂਰ ਜਾਣਾ ਸੁਭਾਵਕ ਹੀ ਹੈ।

ਹੁਣ ਖਾਲਸੇ ਜੀ ਨੂੰ ਇਸ ਪਾਸੇ ਵਲ ਉਚੇਚਾ ਧਿਆਨ ਦੇਣਾ ਹੋਵੇਗਾ ਤਾਂ ਹੀ ਨੌਜਵਾਨਾਂ ਨੂੰ

*ਸੂਹੀ ਮ: ੧, ਪੰਨਾ ੭੩੦

†ਭਾਈ ਗੁਰਦਾਸ ਵਾਰ ੨੮, ਪ: ੭



www.AKJ.Org

ਗੁਰਦਵਾਰਿਆਂ,ਭਾਵ ਸਿੱਖੀ ਦੇ ਸੋਮਿਆਂ ਨਾਲਜੋੜਿਆ ਜਾ ਸਕੇਗਾ। ਗੁਰਦਵਾਰੇ ਸਿਖੀ ਦੀ ਸੋਝੀ ਦੇਣ ਵਾਲੇ ਕੇਂਦਰਾਂ ਦੇ ਰੂਪ ਵਿਚ ਫਿਰ ਤਬਦੀਲ ਕਰਨੇ ਪੈਣਗੇ। ਉਥੋਂ ਦੇ ਪ੍ਰਬੰਧਕ, ਗ੍ਰੰਥੀ, ਢਾਡੀ ਤੇ ਪ੍ਰਚਾਰਕ ਅੱਜ ਦੀ ਲੋੜ ਮੁਤਾਬਕ ਸੋਝੀ ਵਾਲੇ ਵਿਦਵਾਨ ਤੇ ਅਮਲੀ ਗੁਰਮਤਿ ਜੀਵਨ ਵਾਲੇ ਲੋੜੀਂਦੇ ਹਨ, ਕਿਉਂਕਿ ਅਮਲੀ ਜੀਵਨ ਤੋਂ ਖਾਲੀ ਨਿਰੀ ਕਥਨੀ ਦੇ ਪਰਧਾਨ ਪਰਚਾਰਕਾਂ ਰਾਗੀਆਂ ਦੁਆਰਾ ਕੁਝ ਨਹੀਂ ਸੋਰ ਸਕਦਾ।

ਇਸ ਤੋਂ ਵੀ ਅੱਗੇ ਸਾਡੇ ਰਾਗੀਆਂ ਨੂੰ ਕੀਰਤਨ ਭੇਟ ਅਤੇ ਸਾਡੇ ਗ੍ਰੰਥੀ ਸਿੰਘਾਂ ਨੂੰ ਪਾਠ ਕਰਨ ਦੀ ਭੇਟ ਸਬੰਧੀ ਵਪਾਰਕ ਸੌਦੇਬਾਜ਼ੀ ਕਰਨੀ ਵੀ ਛੱਡਣੀ ਹੋਵੇਗੀ, ਤਾਂ ਹੀ ਨੌਜਵਾਨ ਉਹਨਾਂ ਤੋਂ ਪ੍ਰੇਰਨਾ ਲੈ ਸਕੇਗਾ। ਦੂਜੇ ਪਾਸੇ ਸਿੱਖ ਸਮਾਜ ਨੂੰ ਗ੍ਰੰਥੀਆਂ ਤੇ ਰਾਗੀਆਂ ਦੀ ਆਰਥਿਕਤਾ ਅਤੇ ਜੀਵਨ-ਪੱਧਰ ਨੂੰ ਉਚਾ ਚੁਕਣ ਵਲ ਉਚੇਚਾ ਧਿਆਨ ਦੇਣਾ ਹੋਵੇਗਾ, ਤਾਂ ਜੁ ਉਹ ਬਹੁਤਾ ਸਮਾਂ ਮਾਇਆ-ਪ੍ਰਾਪਤੀ ਵਿਚ ਨਸ਼ਟ ਕਰਨ ਦੀ ਬਜਾਏ ਕੌਮ-ਉਸਾਰੀ ਬਾਰੇ ਸੋਚ ਸਕਣ।

ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਇਕ ਜ਼ਿਲੇ ਦੇ ਸਾਰੇ ਗੁਰਦੁਆਰੇ ਇਕ ਉਚ ਪੱਧਰੀ ਜ਼ਿਲਾ ਪ੍ਰਬੰਧਕ ਕਮੇਟੀ ਹੇਠ ਲਿਆਂਦੇ ਜਾਣ। ਸਥਾਨਕ ਤੌਰ ਤੇ ਗੁਰਦਵਾਰਿਆਂ ਦਾ ਪ੍ਰਬੰਧ ਸਥਾਨਕ ਕਮੇਟੀਆਂ ਪਾਸ ਹੀ ਰਹੇ। ਜ਼ਿਲੇ ਵਿਚਲੇ ਸਾਰੇ ਗੁਰਦਵਾਰਿਆਂ ਦੇ ਰਾਗੀ, ਗ੍ਰੰਥੀ ਤੇ ਹੋਰ ਪ੍ਰਚਾਰਕ ਤੇ ਸੇਵਦਾਰ ਜ਼ਿਲਾ ਕਮੇਟੀ ਦੇ ਮੁਲਾਜ਼ਮ ਹੋਣ। ਰਾਗੀਆਂ,ਗ੍ਰੰਥੀਆਂ ਤੇ ਪ੍ਰਚਾਰਕਾਂ ਦੀ ਯੋਗਤਾ ਅਨੁਸਾਰ ਉਹਨਾਂ ਦੀਆਂ ਤਨਖਾਹਾਂ ਦੇ ਗਰੇਡ ਆਮ ਜੀਵਨ-ਪੱਧਰ ਨੂੰ ਮੁਖ ਰਖ ਕੇ ਮੁਕੱਰਰ ਕੀਤੇ ਜਾਣ। ਰਾਗੀਆਂ ਪ੍ਰਚਾਰਕਾਂ ਤੇ ਗ੍ਰੰਥੀ ਸਿੰਘਾਂ ਦੀ ਜ਼ਿਲੇ ਵਿਚ ਹੀ ਵਖੋ ਵਖ ਗੁਰਦਵਾਰਿਆਂ ਵਿਚ, ਛੇ ਛੇ ਮਹੀਨੇ ਬਾਅਦ ਤਬਦੀਲੀਆਂ ਕੀਤੀਆਂ ਜਾਇਆ ਕਰਨ, ਤਾਂ ਜੁ ਇਕ ਸ਼ਹਿਰ ਦੇ ਸੁਘੜ ਸਿਆਣੇ ਤੇ ਵਿਦਵਾਨ ਗ੍ਰੰਥੀ ਜਾਂ ਪ੍ਰਚਾਰਕ ਤੋਂ ਕਿਸੇ ਪਿੰਡ ਦੀ ਸੰਗਤ ਵੀ ਲਾਭ ਉਠਾਉਣ ਦਾ ਮੌਕਾ ਪ੍ਰਾਪਤ ਕਰ ਸਕੇ। ਗ੍ਰੰਥੀਆਂ ਤੇ ਰਾਗੀਆਂ ਪ੍ਰਚਾਰਕਾਂ ਦੀ ਰਿਹਾਇਸ਼ ਦਾ ਗੁਰਦਵਾਰੇ ਵਿਚ ਹੀ ਯੋਗ ਪ੍ਰਬੰਧ ਹੋਵੇ।

ਜ਼ਿਲਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਹੀ ਇਕ ਗ੍ਰੰਥੀ-ਰਾਗੀ ਟਰੇਨਿੰਗ-ਸੈਂਟਰ ਬਣਾਇਆ ਜਾਵੇ, ਜਿਸ ਵਿਚ ਜ਼ਿਲੇ ਦੇ ਸਾਰੇ ਰਾਗੀਆਂ ਗ੍ਰੰਥੀਆਂ ਤੇ ਪ੍ਰਚਾਰਕਾਂ ਨੂੰ ਬਾਕਾਇਦਾ ਕਲਾਸਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦੀ ਟਰੇਨਿੰਗ ਮੌਜੂਦਾ ਲੋੜ ਅਤੇ ਅਧੁਨਿਕ ਤਰੱਕੀ ਧਿਆਨ ਵਿਚ ਰਖਦੇ ਹੋਏ ਦਿਤੀ ਜਾਵੇ। ਉਹਨਾਂ ਨੂੰ ਨੌਜਵਾਨਾ ਦੇ ਸਵਾਲਾਂ ਦੇ ਉਤਰ ਦੇਣ ਲਈ ਬਾਕਾਇਦਾ ਤਿਆਰ ਕੀਤਾ ਜਾਵੇ।

ਇਸ ਜ਼ਿਲਾ ਪ੍ਰਬੰਧਕੀ ਕਮੇਟੀ ਵਿਚ ਜ਼ਿਲੇ ਦੇ ਸਾਰੇ ਗੁਰਦਵਾਰਿਆਂ ਦਾ ਇਕ ਇਕ ਅੰਮ੍ਰਿਤਧਾਰੀ ਪ੍ਰਤੀਨਿਧ ਸ਼ਾਮਲ ਹੋਵੇ ਅਤੇ ਪੜ੍ਹੇ ਲਿਖੇ ਗੁਰਸਿਖੀ ਜੀਵਨ ਵਾਲੇ ਪੰਜ ਪਿਆਰੇ ਇਸ ਪ੍ਰਬੰਧਕੀ ਕਮੇਟੀ ਦੇ ਕਾਰਜਾਂ ਦੀ ਨਿਗਰਾਨੀ ਕਰਨ, ਜੋ ਨੌਜਵਾਨਾ ਵਿਚ ਪ੍ਰਚਾਰ ਦੀ ਲੋੜ ਅਤੇ ਵਿਉਂਤਬੰਦੀ ਅਤੇ ਤਰੀਕਿਆਂ ਨੂੰ ਚੰਗੀ ਤਰ੍ਹਾਂ ਸਮਝਦੇ ਤੇ ਅਨੁਭਵ ਕਰਦੇ ਹੋਣ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ, ਸਰਬੱਤ ਦੇ ਭਲੇ ਦੀ ਵਿਚਾਰਧਾਰਾ ਨੂੰ ਸੰਸਾਰ ਦੇ ਹਰ ਮਨੁਖ ਤਕ ਤਾਂ ਹੀ ਪਹੁੰਚਾਇਆ ਜਾਂ ਸਕੇਗਾ ਜੇਕਰ ਅਸੀਂ ਪੂਰਨ ਤੌਰ ਤੇ ਜਾਗਰਤ ਹੋ ਕੇ ਅਤੇ ਸਿਖੀ ਦੀ ਚੜ੍ਹਦੀ ਕਲਾ ਦੇ ਉਦੇਸ਼ ਮਨਾਂ ਅੰਦਰ ਲੈ ਕੇ ਕਮਰਕਸੇ ਕਰਾਂਗੇ ਅਤੇ ਉਦਮ ਉਪਰਾਲੇ ਅਰੰਭਾਂਗੇ।

---

## ਸੂਰਾ ਮਾਸਕ ਪੱਤਰ ਨੂੰ ਪੂਜੀ ਸਹਾਇਤਾ

ਸ: ਮਨਮੋਹਨ ਸਿੰਘ ਜੀ ਨਵੀਂ ਦਿਲੀ ੫-੦੦ | ਡਾ: ਬੇਅੰਤ ਸਿੰਘ ਜੀ ਨਵੀਂ ਦਿਲੀ ੧੫-੦੦

ਸ: ਬਰਕਤ ਸਿੰਘ ਜੀ ਜੈਪੁਰ ੨੫-੦੦ | ਸ: ਮਲਕੀਅਤ ਸਿੰਘ ਜੀ ਨੋਟਿੰਘਮ ਯੂ.ਕੇ. ੩੪-੦੯

ਸ: ਗੁਰਬਖਸ਼ ਸਿੰਘ ਜੀ ਮਿਵੀਆ ਗ੍ਰੇਵਜ਼ੈਂਡ ਯੂ. ਕੇ. ੭੭-੫੦

ਵਾਹਿਗੁਰੂ ਸਭ ਨੂੰ ਸਿੱਖੀ ਸਿੱਦਕ ਤੇ ਭਰੋਸਾ ਬਖ਼ਸ਼ਣ।

 www.AKJ.Org

# ਸ੍ਰੀ ਗੁਰੂ ਅਰਜਨ ਦੇਵ ਜੀ

## ਜੀਵਨ ਇਕ ਨਜ਼ਰ ਵਿਚ

ਜਨਮ ਅਸਥਾਨ—ਗੋਇੰਦਵਾਲ।
ਜਨਮ ਤਰੀਕ—੧੯ ਵੈਸਾਖ ਸੰ: ੧੬੨੦
(੧੫ ਅਪ੍ਰੈਲ ੧੫੬੩)।
ਪਿਤਾ—ਸ੍ਰੀ ਗੁਰੂ ਰਾਮਦਾਸ ਜੀ।
ਮਾਤਾ—ਭਾਨੀ ਜੀ।
ਬਾਲਪਨ—ਨਾਨਾ ਗੁਰੂ ਅਮਰਦਾਸ ਜੀ ਦੀ ਗੋਦੀ ਵਿਚ।
ਵਰ—ਦੋਹਿਤਾ ਬਾਣੀ ਕਾ ਬੋਹਿਥਾ।
ਗੁਰਿਆਈ—ਭਾਦਰੋਂ ਸੰਮਤ ੧੬੩੮।
ਬਾਬਾ ਪ੍ਰਿਥੀ ਚੰਦ ਦਾ ਵਿਰੋਧ।
ਸਤੇ ਬਲਵੰਡ ਦਾ ਰੁਸੇਵਾਂ ਤੇ ਹੰਕਾਰ ਟੁਟਣਾ।
ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਨੀਂਹ—ਕਤਕ ਸੁਦੀ ੧ ਸੰਮਤ ੧੬੪੫।
ਅੰਮ੍ਰਿਤਸਰ ਦੀ ਵਸੋਂ ਦਾ ਪ੍ਰਬੰਧ
ਵਿਆਹ—ਸੰਮਤ ੧੬੪੬ ਵਿਚ।
ਧਰਮ ਪਤਨੀ—ਮਾਤਾ ਗੰਗਾ ਜੀ।

### ਮਾਝੇ ਦੇ ਪਿੰਡਾਂ ਵਿਚ ਪਰਚਾਰ—

ਦਖਣ ਪਾਸੇ ਸ੍ਰੀ ਤਰਨ ਤਾਰਨ ਦਾ ਰਚਨਾ ਸੰਮਤ ੧੬੪੭।
ਚੜ੍ਹਦੇ ਪਾਸੇ ਪਰਚਾਰ ਲਈ ਕਰਤਾਰਪੁਰ ਸੰਮਤ ੧੬੫੦ ਵਿਚ।
ਅੰਮ੍ਰਿਤਸਰ ਜੀ ਤੋਂ ਲਹਿੰਦੇ ਪਾਸੇ ਪਰਚਾਰ।
ਵਡਾਲੀ ਵਿਖੇ ਸਾਹਿਬਜ਼ਾਦਾ ਹਰਿਗੋਬਿੰਦ ਜੀ ਦਾ ਜਨਮ ੨੫ ਹਾੜ ਸੰਮਤ ੧੬੫੨।
ਲਾਹੌਰ ਸੰਮਤ ੧੬੫੪ ਕਾਲ ਸਮੇਂ ੮ ਮਹੀਨੇ ਰਹੇ ਅਤੇ ਬੀਮਾਰਾਂ, ਮੁਸੀਬਤ ਫਸੇ ਲੋਕਾਂ ਦੀ ਸਹਾਇਤਾ ਅਤੇ ਲੰਗਰ ਜਾਰੀ।
ਜ਼ਿਲਾ ਗੁਰਦਾਸਪੁਰ ਦੇ ਪਿੰਡਾਂ ਵਿਚ ਪਰਚਾਰ।
ਬਾ: ਪ੍ਰਿਥੀਚੰਦ ਦੀ ਵਿਰੋਧਤਾ ਜ਼ੋਰਾਂ ਤੇ—
ਸਰਕਾਰੀ ਰਸੂਖ਼, ਸੁਲਹੀ ਖ਼ਾਂ, ਗੁਰਬਾਣੀ ਵਿਰੁਧ ਸ਼ਿਕਾਇਤਾਂ, ਸਾਹਿਬਜ਼ਾਦੇ ਹਰਿਗੋਬਿੰਦ ਜੀ ਤੇ ਮਾਰੂ ਵਾਰ।
ਅਕਬਰ ਤੋਂ ਕਾਲ-ਪੀੜਤਾਂ ਦਾ ਮਾਮਲਾ ਮੁਆਫ਼।
ਆਦਿ ਬੀੜ ਦੀ ਸੰਪਾਦਨਾ।
ਸਰੋਵਰਾਂ ਦੀ ਸੇਵਾ।
ਵਿਰੋਧੀਆਂ ਦੀ ਸਾਜ਼ਸ਼
ਖੁਸਰੋ ਦੀ ਮਦਦ ਦਾ ਬਹਾਨਾ।
ਤਸੀਹੇ ਤੇ ਸ਼ਹੀਦੀ ੧ ਹਾੜ ੧੬੬੩ ਬਿ: (੩੦ ਮਈ ੧੬੦੬ ਈ:)

### ਇਤਿਹਾਸਕ ਅਸਥਾਨ--

੧. ਜਨਮ ਅਸਥਾਨ ਗੋਇੰਦਵਾਲ।
੨. ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ।
੩. ਸ੍ਰੀ ਹਰਿਮੰਦਰ ਸਾਹਿਬ ਤਰਨ ਤਾਰਨ।
੪. ਗੰਗਸਰ—ਕਰਤਾਰਪੁਰ (ਜਲੰਧਰ)
੫. ਗੁਰੂ ਕਾ ਬਾਗ, ਸਹਸਰਾ (ਅੰਮ੍ਰਿਤਸਰ)।
੬. ਬਾਉਲੀ ਸਾਹਿਬ, ਲਾਹੌਰ।
੭. ਗੁਰਦਵਾਰਾ ਡੇਹਰਾ ਸਾਹਿਬ, ਲਾਹੌਰ।

---


## ਕੇਸਾਂ ਬਾਰੇ ਵਿਗਿਆਨਕ ਤੇ ਇਤਿਹਾਸਕ ਖੋਜ

ਸ: ਸਰੂਪ ਸਿੰਘ ਜੀ ਅਲਗ ਭਾਸ਼ਾ ਅਫਸਰ ਪੰਜਾਬ ਰਾਜ ਬਿਜਲੀ ਬੋਰਡ ਪਟਿਆਲਾ ਬੜੇ ਸੁਘੜ ਤੇ ਸੁਲਝੇ ਹੋਏ ਲੇਖਕ ਹਨ, ਜਿਨ੍ਹਾਂ ਦੀ ਲੇਖਣੀ ਵਿਚ ਧਾਰਮਕ ਵਲਵਲਾ, ਨਵੀਨ ਜਾਣਕਾਰੀ, ਗੰਭੀਰ ਸੋਚ, ਤੇ ਅਸਰਦਾਰ ਵਾਰਤਕ ਦੇ ਗੁਣ ਮੌਜੂਦ ਹਨ। ਸੰਸਾਰ ਵਿਚ ਕੇਸਾਂ ਬਾਰੇ ਹੋਈ ਖੋਜ ਦੇ ਅਧਾਰ ਤੇ ਆਪ ਨੇ ਵਿਗਿਆਨਕ ਤੇ ਇਤਿਹਾਸਕ ਪੱਖਾਂ ਨੂੰ ਮੁਖ ਰਖਦਿਆਂ ਕੇਸਾਂ ਬਾਰੇ ਖੋਜ ਪੂਰਤ ਲੇਖ ਲਿਖਿਆ ਹੈ। ਕਈ ਨਵੇਂ ਵਾਧਿਆਂ ਵਾਲਾ ਇਹ ਲੇਖ ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਟ੍ਰੈਕਟ "ਕੀ ਕੇਸ ਰਖਣੇ ਜ਼ਰੂਰੀ ਹਨ?" ਨਾਲ ਸ਼ਾਮਲ ਕਰ ਕੇ ਛਾਪ ਦਿਤਾ ਗਿਆ ਹੈ।

ਭੇਟਾ ਤੀਹ ਪੈਸੇ। ਪਰਚਾਰ ਹਿਤ ਵੰਡਣ ਲਈ ਖ਼ਾਸ ਰਿਆਇਤ।




www.AKJ.Org

# ਸ੍ਰੀ ਗੁਰੂ ਅਰਜਨ ਦੇਵ ਜੀ (ਭੱਟਾਂ ਦੀਆਂ ਨਜ਼ਰਾਂ ਵਿਚ)

੧. ਗੁਰ ਰਾਮਦਾਸ ਘਰਿ ਕੀਅਓ ਪ੍ਰਗਾਸਾ ॥
ਸਗਲ ਮਨੋਰਥ ਪੂਰੀ ਆਸਾ ॥
ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥

੨. ਭਗਤਿ ਜੋਗ ਕੋ ਜੈਤਵਾਰੁ ਹਰਿ ਜਨਕੁ ਉਪਾਯਉ ॥
[ਹਰੀ ਨੇ ਤੈਨੂੰ ਭਗਤੀ ਦੇ ਜੋਗ ਨੂੰ ਜਿਤਣ ਵਾਲਾ ਜਨਕ ਪੈਦਾ ਕੀਤਾ।]

੩. ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ ॥

੪. ਗੁਰੁ ਅਰਜੁਨੁ, ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ ॥੧॥

੫. ਗੁਰੁ ਅਰਜੁਨੁ, ਘਰਿ ਗੁਰ ਰਾਮਦਾਸ ਅਨਭਉ ਠਹਰਾਯਉ ॥੨॥
(ਅਨਭਉ—ਗਿਆਨ ਸਰੂਪ)

੬. ਗੁਰੁ ਅਰਜੁਨੁ, ਘਰਿ ਗੁਰ ਰਾਮਦਾਸ ਅਪਰੰਪਰੁ ਬੀਣਾ ॥੩॥
[ਪਰੇ ਤੋਂ ਪਰੇ ਅਪਰੰਪਰ ਵਾਹਿਗੁਰੂ ਨੂੰ ਦੇਖਣਹਾਰਾ]

੭. ਸਦ ਜੀਵਣੁ ਅਰਜੁਨੁ ਅਮੋਲੁ ਆਜੋਨੀ ਸੰਭਉ ॥
[ਸਦ-ਜੀਵੀ ਹੈ, ਮੁਲ ਨਹੀਂ ਪੈ ਸਕਦਾ, ਜੂਨਾਂ ਤੋਂ ਰਹਿਤ ਅਤੇ ਸੁਤੇ ਪ੍ਰਕਾਸ਼ ਹੈ]

੮. ਭਯ-ਭੰਜਨ, ਪਰ-ਦੁਖ ਨਿਵਾਰ, ਅਪਾਰ ਅਨੰਭਉ ॥
[ਡਰ ਦੂਰ ਕਰਨ ਵਾਲਾ, ਦੂਜਿਆਂ ਦੇ ਦੁਖ ਕਟਣ ਵਾਲਾ, ਬੇਅੰਤ ਅਤੇ ਗਿਆਨ ਦਾ ਸੋਮਾ ਹੈ]

੯. ਅਗਹ ਗਹਣੁ, ਭ੍ਰਮੁ ਭ੍ਰਾਂਤਿ ਦਹਣੁ, ਸੀਤਲੁ ਸੁਖ ਦਾਤਉ ॥੫॥
[ਅਪਹੁੰਚ ਹਰੀ ਤਕ ਪਹੁੰਚ ਰਖਣ ਵਾਲਾ, ਭਰਮ ਤੇ ਭ੍ਰਾਂਤੀ ਨੂੰ ਸਾੜ ਸੁਟਣ ਵਾਲਾ,
ਸੀਤਲ ਸੁਭਾ ਅਤੇ ਸੁਖਾਂ ਦਾ ਦਾਤਾ ਹੈ।]

੧੦. ਕੁਲਿ ਸੋਢੀ ਗੁਰ ਰਾਮਦਾਸ ਤਨੁ, ਧਰਮ ਧੁਜਾ ਅਰਜੁਨੁ ਹਰਿ ਭਗਤਾ ॥੬॥
[ਸੋਢੀ ਕੁਲ ਵਿਚ ਗੁਰੂ ਰਾਮਦਾਸ ਜੀ ਦਾ ਸਪੁਤਰ ਗੁਰੂ ਅਰਜਨ ਧਰਮ ਦੀ ਧੁਜਾ (ਨਿਸ਼ਾਨ) ਹੈ
ਅਤੇ ਹਰੀ ਭਗਤ ਹੈ।]

੧੧. ਧ੍ਰੰਮ ਧੀਰੁ, ਗੁਰਮਤਿ ਗਭੀਰ, ਪਰ ਦੁਖ ਬਿਸਾਰਣੁ ॥
[ਧਰਮ ਦਾ ਧੀਰਜਵਾਨ, ਗੁਰਮਤਿ ਵਿਚ ਗੰਭੀਰ ਡੂੰਘਾ ਅਤੇ ਦੂਜਿਆਂ ਦੇ ਦੁਖ ਕਟਣ ਵਾਲਾ ਹੈ]

੧੨. ਸਬਦ ਸਾਰੁ, ਹਰਿ ਸਮ ਉਦਾਰ, ਅਹੰਮੇਵ ਨਿਵਾਰਣੁ ॥
[ਸ਼ਬਦ ਦਾ ਸੋਝੀਵਾਨ, ਵਾਹਿਗੁਰੂ ਵਾਂਗ ਉਦਾਰਚਿਤ ਤੇ ਹੰਕਾਰ ਨਾਸ ਕਰਨ ਵਾਲਾ ਹੈ।]

੧੩. ਮਹਾ ਦਾਨਿ, ਸਤਿਗੁਰ ਗਿਆਨਿ, ਮਨਿ ਚਾਉ ਨ ਹੁਟੈ ॥
[ਮਹਾਂ ਦਾਨੀ ਹੈ, ਸਤਿਗੁਰੂ ਦੇ ਗਿਆਨ ਦਾ ਗਿਆਨੀ ਗਿਆਤਾ ਹੈ ਅਤੇ ਗੁਰ-ਉਪਦੇਸ਼
ਗੁਰ-ਗਿਆਨ ਦਾ ਚਾਉ ਮਨ ਵਿਚ ਇਤਨਾ ਪ੍ਰਬਲ ਹੈ ਕਿ ਕਦੇ ਅਕੇਵਾਂ ਥਕੇਵਾਂ ਨਹੀਂ ਆਉਂਦਾ]

੧੪. ਸਤਿਵੰਤੁ, ਹਰਨਾਮੁ ਮੰਤ੍ਰ ਨਵਨਿਧਿ ਨ ਨਿਖੁਟੈ ॥੭॥
[ਸੱਚ ਦਾ ਧਾਰਨੀ ਹੈ ਅਤੇ ਉਸ ਪਾਸ ਨਵਨਿਧੀ ਹਰੀਨਾਮ ਜਾਪ ਅਮੁੱਕ ਹੈ]

www.AKJ.Org

੧੫. ਗੁਰ ਅਰਜੁਨ ਕਲੁਚਰੈ, ਤੈ ਸਹਜਿ ਜੋਗੁ ਨਿਜੁ ਪਾਇਅਉ ॥੮॥
[ਕਲ੍ਯ ਸਹਾਰ ਕਵੀ ਕਹਿੰਦਾ ਹੈ, ਕਿ ਹੇ ਗੁਰੂ ਅਰਜਨ ਦੇਵ ! ਤੈਂ ਨੇ ਸਹਿਜ ਅਵਸਥਾ ਵਿਚ ਟਿਕ ਕੇ ਪ੍ਰਭੂ-ਮਿਲਾਪ ਤੇ ਨਿਜ ਸਰੂਪ ਨੂੰ ਪ੍ਰਾਪਤ ਕਰ ਲਿਆ ਹੈ ।]

੧੬. ਅਮਿਉ ਰਸਨਾ, ਬਦਨਿ ਬਰ ਦਾਤਿ,
ਅਲਖ ਅਪਾਰ ਗੁਰ ਸੂਰ, ਸਬੰਦ ਹਉਮੈ ਨਿਵਾਰ੍ਉ ॥੯॥
[ਹੇ ਅਲਖ ਅਪਾਰ ਤੇ ਸੂਰਮੇ ਸਤਿਗੁਰੂ ਜੀ ! ਤੁਸੀਂ ਰਸਨਾ ਰਾਹੀਂ ਅੰਮ੍ਰਿਤ ਵਰਸਾਉਂਦੇ ਹੋ,ਮੁਖੜੇ ਦੁਆਰਾ ਵਰ-ਦਾਨ ਬਖਸ਼ਦੇ ਹੋ ਅਤੇ ਸ਼ਬਦ ਦੁਆਰਾ ਹਉਮੈ ਰੋਗ ਕਟ ਦਿੰਦੇ ਹੋ।]

੧੭. ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥੧॥

੧੮. ਸਤਿ ਰੂਪੁ ਸਤਿ ਨਾਮਿ, ਸਤੁ ਸੰਤੋਖੁ ਧਰਿਓ ਉਰਿ ॥
[ਗੁਰੂ ਅਰਜਨ ਸਤਿ ਸਰੂਪ ਹੈ । ਸਚ ਸਰੂਪ ਵਾਹਿਗੁਰੂ ਦੇ ਨਾਮ ਵਿਚ ਸੁਰਤ ਜੋੜੀ ਹੋਈ ਹੈ।]

੧੯. ਪ੍ਰਗਟ ਜੋਤਿ ਜਗਮਗੈ, ਤੇਜੁ ਭੂਅ ਮੰਡਲ ਛਾਯਉ ॥੨॥
[ਆਪ ਦਾ ਤੇਜ ਭੂ ਮੰਡਲ ਧਰਤੀ ਤੇ ਛਾਇਆ ਹੋਇਆ ਹੈ ।]

੨੦. ਤਿਹ ਜਨ ਜਾਚਹੁ, ਜਗਤ੍ਰ ਪਰ ਜਾਨੀਅਤੁ,
ਬਾਸੁਰ ਰਯਨਿ ਬਾਸੁ ਜਾ ਕੋ ਹਿਤੁ ਨਾਮ ਸਿਉ ॥
[ਹੇ ਜਨੋ ! ਉਸ (ਗੁਰੂ ਅਰਜਨ ਦੇਵ ਜੀ ਦੇ) ਦਰ ਤੋਂ ਮੰਗੋ, ਜੋ ਕਿ ਸਾਰੇ ਸੰਸਾਰ ਵਿਚ ਪ੍ਰਗਟ ਹੈ ਅਤੇ ਦਿਨ ਰਾਤ ਜਿਸ ਦਾ ਵਾਸਾ ਅਤੇ ਜਿਸ ਦਾ ਪਿਆਰ ਨਾਮ ਨਾਲ ਹੈ ।]

੨੧. ਪਰਮ ਅਤੀਤੁ ਪਰਮੇਸੁਰ ਕੈ ਰੰਗਿਰੰਗ੍ਯੋ,ਬਾਸਨਾ ਤੇ ਬਾਹਰਿ,ਪੈ ਦੇਖੀਅਤੁ ਧਾਮ ਸਿਉ।੩
[ਪੂਰਨ ਵੈਰਾਗਮਾਨ, ਪਰਮੇਸਰ ਦੇ ਰੰਗ ਵਿਚ ਭਿਜਾ ਹੋਇਆ, ਹਰ ਤਰ੍ਹਾਂ ਦੀਆਂ ਵਾਸ਼ਨਾ ਤੋਂ ਨਿਰਲੇਪ ਹੁੰਦਿਆਂ ਵੀ ਗ੍ਰਹਿਸਤ ਵਿਚ ਵੇਖੀਦਾ ਹੈ ।]

੨੨. ਅੰਤੁ ਨ ਪਾਵਤ ਦੇਵ ਸਬੈ ਮੁਨਿ, ਇੰਦ੍ਰ ਮਹਾ ਸਿਵ ਜੋਗ ਕਰੀ ॥੪॥
[ਸਾਰੇ ਦੇਵਤੇ, ਮੁਨੀ, ਇੰਦਰ ਅਤੇ ਸ਼ਿਵ ਜੀ ਆਦਿਕ ਮਹਾਂ ਮੁਨੀ ਤੇ ਜੋਗ-ਸਾਧਨਾ ਕਰਨ ਵਾਲੇ ਵੀ (ਗੁਰੂ ਅਰਜਨ ਦੇਵ ਜੀ ਦਾ) ਅੰਤ ਨਾਹੀਂ ਪਾ ਸਕਦੇ ।]

੨੩. ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥੫॥
[ਪੂਰਨ ਬ੍ਰਹਮ-ਹਰੀ ਨੇ ਪਰਤੱਖ ਤੌਰ ਤੇ ਗੁਰੂ ਅਰਜਨ ਦੇਵ ਜੀ ਦੇ ਹਿਰਦੇ ਵਿਚ ਨਿਵਾਸ ਕੀਤਾ ਹੋਇਆ ਹੈ ।]

੨੪. ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ ॥
ਜਪ੍ਯਉ ਜਿਨ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥
[ਉਹ ਫਿਰ ਗਰਭ ਜੂਨਾਂ ਦੇ ਦੁਖਾਂ ਵਿਚ ਨਹੀਂ ਆਉਂਦੇ ।]

੨੫. ਧਰਨਿ ਗਗਨ ਨਵਖੰਡ ਮਹਿ, ਜੋਤਿ ਸ੍ਵਰੂਪੀ ਰਹਿਓ ਭਰਿ ॥
[ਗੁਰੂ ਅਰਜਨ ਧਰਤੀ ਅਕਾਸ਼ ਤੇ ਨਵਾਂ ਖੰਡਾਂ ਵਿਚ ਜੋਤਿ ਸਰੂਪ ਹੋ ਕੇ ਵਿਆਪ ਰਿਹਾ ਹੈ ।]

੨੬. ਭਨਿ ਮਥੁਰਾ ਕਛੁ ਭੇਦੁ ਨਹੀ, ਗੁਰੁ ਅਰਜੁਨ ਪਰਤਖ੍ਯ ਹਰਿ ॥੭॥੧੯॥
[ਮਥੁਰਾ ਭਟ ਕਹਿੰਦਾ ਹਾਂ ਕਿ ਰਤਾ ਵੀ ਫਰਕ ਨਹੀਂ ਹੈ, ਗੁਰੂ ਅਰਜਨ ਪਰਤੱਖ ਹਰੀ ਸਰੂਪ ਹੈ।]



www.AKJ.Org

# ਮਤਾ ਨੰਬਰ ੧੫ ਦਾ ਪਿਛੋਕੜ

ਅਖੰਡ ਕੀਰਤਨੀ ਜਥੇ ਦਾ ਮੁਖ ਮੰਤਵ ਨਾਮ ਸਿਮਰਨ, ਪਾਠ ਅਤੇ ਗੁਰਬਾਣੀ ਦੇ ਕੀਰਤਨ ਦੁਆਰਾ ਨਿਜੀ ਜੀਵਨ ਸਫਲਾ ਕਰਨਾ ਅਤੇ ਨਿਸ਼ਕਾਮ ਭਾਵਨਾ ਨਾਲ ਗੁਰਬਾਣੀ ਦੇ ਕੀਰਤਨ ਅਤੇ ਅੰਮ੍ਰਿਤ-ਸਿੰਚਾਰ ਰਾਹੀਂ ਗੁਰਮਤਿ ਪਰਚਾਰ ਕਰਨਾ ਹੈ।

ਨਿਸ਼ਕਾਮ ਭਾਵਨਾ ਵਾਲੇ ਵਿਅਕਤੀਆਂ ਅੰਦਰ ਸੁਤੇ ਹੀ ਇਕ ਦੂਜੇ ਦੇ ਵਿਚਾਰਾਂ ਦਾ ਸਤਿਕਾਰ ਕਰਨ ਅਤੇ ਗੁਰ-ਭਾਈਆਂ ਦੀ ਪਰਸਪਰ ਸੇਵਾ ਦੁਆਰਾ ਪ੍ਰਸੰਨਤਾ ਲੈਣ ਦੀ ਭਾਵਨਾ ਹੁੰਦੀ ਹੈ। ਇਸ ਲਈ ਉਹ ਸੁਤੇ ਹੀ ਜਥੇਬੰਦ ਹੁੰਦੇ ਹਨ।

ਵੈਸਾਖੀ ਦੇ ੯੭੮ ਦੇ ਸਾਕੇ ਨਾਲ ਜਥੇ ਮੂਹਰੇ ਕੁਝ ਮਸਲੇ ਆ ਖੜੇ ਹੋਏ—ਸ਼ਹੀਦ ਪ੍ਰਵਾਰਾਂ ਅਤੇ ਜ਼ਖਮੀਆਂ ਦੀ ਸੰਭਾਲ ਅਤੇ ਕਚਹਿਰੀ ਵਿਚ ਕੇਸ ਦੀ ਪੈਰਵੀ। ਜਿਸ ਕਾਰਨ ਵਿਸ਼ੇਸ਼ ਜਥੇਬੰਦੀ ਦੀ ਲੋੜ ਮਹਿਸੂਸ ਹੋਈ। ਅਤੇ ਇਸ ਤਰ੍ਹਾਂ ਕੇਂਦਰੀ ਜਥੇਬੰਦੀ (ਮਜਬੂਰੀ ਕਾਰਨ) ਹੋਂਦ ਵਿਚ ਆਈ। ਜਥੇਬੰਦੀ ਦੀ ਸਫਲਤਾ ਇਸ ਗੱਲ ਤੇ ਨਿਰਭਰ ਹੁੰਦੀ ਹੈ ਕਿ ਇਸ ਦੇ ਮੈਂਬਰ ਦੂਜੇ ਮੈਂਬਰਾਂ ਦੇ ਵਿਚਾਰਾਂ ਦਾ ਸਤਿਕਾਰ ਅਤੇ ਮਿਲਾਉਣੀ ਵਾਲੀ ਭਾਵਨਾ ਰੱਖਣ ਅਤੇ ਜ਼ਿਮੇਵਾਰੀ ਨਾਲ ਆਪਣਾ ਆਪਣਾ ਕਰਤੱਵ ਨਿਭਾਉਣ।

ਅਖੰਡ ਕੀਰਤਨੀ ਜਥੇ ਮੂਹਰੇ ਪੋਥੀ ਤੋਂ ਕੀਰਤਨ ਦਾ ਮਸਲਾ ਕਈ ਵਾਰੀ ਆਇਆ। ਪੋਥੀ ਤੋਂ ਕੀਰਤਨ ਕੀਤੇ ਜਾਣ ਦੇ ਵਿਰੋਧੀ ਸੱਜਣਾਂ ਵਲੋਂ ਪਿਛਲੇ ਦੋ ਕੁ ਸਾਲਾਂ ਤੋਂ ਤਕਰੀਬਨ ਹਰ ਸਮਾਗਮ ਤੇ ਇਹ ਮਸਲਾ ਛੇੜਿਆ ਜਾਂਦਾ ਰਿਹਾ ਅਤੇ ਪਰਸਪਰ ਕੁਤਿੱਤਣ ਤੇ ਗਰਮਾ ਗਰਮੀ ਤਕ ਨੌਬਤ ਪੁਜਦੀ ਰਹੀ। ਇਸ ਨਾਲ ਸੰਗਤਾਂ ਵਿਚ ਬੇਸੁਆਦੀ ਹੁੰਦੀ ਰਹੀ। ਅਤੇ ਜਥੇ ਵਿਚ ਪਾਟੋਧਾੜ ਪੈ ਜਾਣ ਦੀ ਨੌਬਤ ਨਜ਼ਰ ਆਉਣ ਲਗ ਪਈ। ਅਮਰੀਕਾ ਅਤੇ ਹੋਰ ਦੇਸਾਂ ਦੇ ਸਿੰਘ ਅਤੇ ਸਿੰਘਣੀਆਂ, ਜਿਨ੍ਹਾਂ ਦੀ ਮਾਤਾ - ਭਾਸ਼ਾ ਪੰਜਾਬੀ ਨਹੀਂ ਅਤੇ ਜੇਹੜੇ ਬੜੇ ਉਤਸ਼ਾਹ ਅਤੇ ਪੂਰਨ ਪਿਆਰ ਨਾਲ ਗੁਰਮੁਖੀ ਸਿਖ ਕੇ ਗੁਟਕੇ ਤੋਂ ਪਾਠ ਅਤੇ ਪੋਥੀ ਤੋਂ ਕੀਰਤਨ ਕਰਦੇ ਹਨ, ਉਹ ਭਾਵਨਾ ਕਰਕੇ ਜਥੇ ਨਾਲ ਸਮਿਲਤ ਹਨ। ਸਾਰੀ ਸਥਿਤੀ ਨੂੰ ਗਹੁ ਨਾਲ ਵਿਚਾਰ ਕੇ ਪੋਹ ਸੁਦੀ ਸੱਤਵੀਂ ਦੇ ਪਿਛਲੇ ਸਮਾਗਮ ਤੇ ਇਹ ਮਸਲਾ ਜਥੇਬੰਦੀ ਦੀ ਕਾਰਜ-ਸਾਧਕ ਕਮੇਟੀ ਦੇ ਮੂਹਰੇ ਆਇਆ, ਜਿਸ ਵਿਚ ਸਾਰਿਆਂ ਨੇ ਲੋੜ ਮਹਿਸੂਸ ਕੀਤੀ ਕਿ ਜਥੇਬੰਦੀ ਵਿਚ ਇਤਫ਼ਾਕ (Unity) ਨੂੰ ਹਰ ਕੀਮਤ ਤੇ ਬਰਕਰਾਰ ਰੱਖਿਆ ਜਾਏ। ਅਤੇ ਇਸ ਤਰ੍ਹਾਂ ਸਭਨਾਂ ਦੇ ਖ਼ਿਆਲਾਂ ਅਤੇ ਉਤਸ਼ਾਹ ਦਾ ਸਤਿਕਾਰ ਕੀਤਾ ਜਾਏ। ਜਥੇਬੰਦੀ ਅਤੇ ਇਤਫ਼ਾਕ ਨੂੰ ਕਾਇਮ ਰੱਖਣ ਲਈ ਜ਼ਰੂਰੀ ਤੌਰ ਤੇ ਹਰੇਕ ਵਿਅਕਤੀ ਨੂੰ ਥੋੜੀ ਥੋੜੀ ਕੁਰਬਾਨੀ ਕਰਨੀ ਪੈਂਦੀ ਹੈ। ਇਸ ਵਿਸ਼ੇ ਉੱਤੇ ਦੀਰਘ ਵਿਚਾਰ ਕੀਤੀ ਗਈ ਅਤੇ ਮਿਲਾਪ ਨੂੰ ਮੁਖ ਰੱਖ ਕੇ ਸਰਬ ਸੰਮਤੀ ਨਾਲ ਇਹ ਫੈਸਲਾ ਕੀਤਾ ਗਿਆ ਕਿ ਕੰਠਾਗਰ ਕੀਰਤਨ ਨੂੰ ਹੀ ਅਪਣਾਇਆ ਜਾਵੇ। ਪਰ ਕੀਰਤਨੀਆਂ ਦੀ ਅਮਲੀ ਮੁਸ਼ਕਲ ਨੂੰ ਮੁਖ ਰਖ ਕੇ ਇਹ ਗੁੰਜਾਇਸ਼ ਰੱਖੀ ਗਈ ਕਿ ਕੀਰਤਨੀਆਂ ਦੀ ਸਹਾਇਤਾ ਲਈ ਪੋਥੀ ਰੇਲ ਤੇ ਸਤਿਕਾਰ ਸਹਿਤ ਰਖੀ ਜਾ ਸਕਦੀ ਹੈ। ਇਸ ਦੇ ਨਾਲ ਪਰਦੇਸਾਂ ਦੇ ਸਿੰਘਾਂ ਅਤੇ ਉਹਨਾਂ ਪਿਆਰੇ ਕੀਰਤਨੀਆਂ, ਜਿਨ੍ਹਾਂ ਨੂੰ ਹੁਣ ਉਮਰ ਦੇ ਲਿਹਾਜ਼ ਨਾਲ ਜ਼ਿਆਦਾ ਗੁਰਬਾਣੀ ਕੰਠ ਨਹੀਂ ਹੋ ਸਕਦੀ, ਪਰ ਸੰਗਤਾਂ ਉਹਨਾਂ ਪਾਸੋਂ ਜ਼ਿਆਦਾ ਦੇਰ ਕੀਰਤਨ ਸੁਣਨਾ ਚਾਹੁੰਦੀਆਂ ਹਨ, ਦੀ ਹਾਲਤ



www.AKJ.Org

ਨੂੰ ਧਿਆਨ ਵਿਚ ਰੱਖ ਕੇ ਉਨ੍ਹਾਂ ਦੇ ਪਿਆਰ ਅਤੇ ਉਤਸ਼ਾਹ ਦਾ ਸਤਿਕਾਰ ਕੀਤਾ ਗਿਆ।

ਸੋ ਸਾਰੀ ਸਥਿਤੀ ਤੇ ਪਿਛੋਕੜ ਤੋਂ ਸਾਰਿਆਂ ਵੀਰਾਂ ਅਤੇ ਭੈਣਾਂ ਨੂੰ ਜਾਣੂ ਕਰਵਾ ਕੇ ਸਰਬੱਤ ਗੁਰੂ ਪਿਆਰਿਆਂ ਦੀ ਸੇਵਾ ਵਿਚ ਪਰਸਪਰ ਪਿਆਰ ਅਤੇ ਕੀਰਤਨ ਸਮਾਗਮਾਂ ਦੀ ਚੜ੍ਹਦੀ ਕਲਾ ਨੂੰ ਮੁਖ ਰਖ ਕੇ ਸਨਿਮਰ ਜੋਦੜੀ ਹੈ ਕਿ ਆਪਣੀ ਅਪਣੱਤ ਨੂੰ ਛੱਡ ਕੇ ਜਥੇਬੰਦੀ ਦੇ ਸਰਬ ਸੰਮਤੀ ਨਾਲ, ਜਥੇ ਦੀ ਜਥੇਬੰਦੀ ਦੇ ਹਿਤ ਵਿਚ ਕੀਤੇ ਫੈਸਲੇ ਨੂੰ ਸਿਰ ਮੱਥੇ ਮੰਨ ਕੇ ਅਪਣਾਈਏ। ਗੁਰ-ਭਾਈਆਂ ਦੀ ਅਤੇ ਉਨ੍ਹਾਂ ਦੇ ਰਾਹੀਂ ਗੁਰੂ ਦੀ ਖੁਸ਼ੀ ਪ੍ਰਾਪਤ ਕਰਨ ਹਿਤ ਮਿਲ ਬੈਠੀਏ ਅਤੇ ਮਿਲ ਕੇ ਗੁਰਬਾਣੀ ਦਾ ਰਸ ਮਾਣੀਏ। ਜਥੇਬੰਦ ਰਹਿਣ ਅਤੇ ਦੂਜਿਆਂ ਨੂੰ ਜਥੇਬੰਦ ਰਖਣ ਦੀ ਜ਼ਿਮੇਵਾਰੀ ਦਾ ਜ਼ਿਆਦਾ ਬੋਝਾ ਪੁਰਾਤਨ ਕੀਰਤਨੀ ਸਿੰਘਾਂ ਅਤੇ ਸਿੰਘਣੀਆਂ ਦੇ ਕੰਧੇ ਤੇ ਹੈ। ਇਸ ਜਥੇਬੰਦੀ ਦਾ ਸਭ ਤੋਂ ਵਡਾ ਲਾਭ ਇਹ ਹੈ ਕਿ ਇਸ ਨਾਲ ਸਾਡੀ ਹਉਮੈ ਅਤੇ ਚਤੁਰਾਈ ਦਾ ਅਭਾਵ ਹੁੰਦਾ ਹੈ।

## ਦੇਹੁ ਸਜਣੁ ਅਸੀਸੜੀਆ

ਗੁਰਮੁਖ ਪਿਆਰੇ ਮਾਨਯਵਰ ਬਾਊ ਮਲ ਸਿੰਘ ਜੀ ਨੇ ਅਕਾਲ ਪੁਰਖ ਦੀ ਬਖਸ਼ੀ ਹੋਈ ਮਾਇਆ ਵਿਚੋਂ ਹੇਠ ਲਿਖੇ ਅਨੁਸਾਰ ਧਰਮ ਕਾਰਜਾਂ ਲਈ ਮਾਇਆ ਅਰਦਾਸ ਕਰਾਈ ਹੈ :–

| | |
|---|---|
| ਗੁਰਦਵਾਰਾ ਗੋਇੰਦਵਾਲ ਸਾਹਿਬ | ੫੦੦੦-੦੦ |
| ਪਿੰਗਲਵਾੜਾ | ੫੦੦-੦੦ |
| 'ਸੂਰਾ' ਮਾਸਕ ਪੱਤਰ | ੫੦੦-੦੦ |

ਇਸ ਤੋਂ ਇਲਾਵਾ ਇਨ੍ਹਾਂ ਦਿਨਾਂ ਵਿਚ ਪੰਜ ਸ੍ਰੀ ਅਖੰਡ ਪਾਠ––(੧) ਤਰਨ ਤਾਰਨ ਸਾਹਿਬ, (੨) ਯਤੀਮ ਖਾਨਾ ਸ੍ਰੀ ਅੰਮ੍ਰਿਤਸਰ, (੩) ਅਜੀਤ ਨਗਰ ਸ੍ਰੀ ਅੰਮ੍ਰਿਤਸਰ, (੪) ਆਪਣੇ ਜੱਦੀ ਨਗਰ ਸਰਲੀ ਅਤੇ (੫) ਸ੍ਰੀ ਗੋਇੰਦਵਾਲ ਸਾਹਿਬ ਵਿਖੇ ਕਰਵਾਏ ਹਨ।

'ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥''

ਗੁਰਸਿਖ ਸੰਗਤਾਂ ਵਾਹਿਗੁਰੂ ਅਗੇ ਅਰਦਾਸ ਕਰਨ ਕਿ ਮਾਨਯਵਰ ਬਾਊ ਜੀ ਨੂੰ ਸਵਾਸ ਸਵਾਸ ਨਾਮ ਸਿਮਰਨ ਦੀ ਚੜ੍ਹਦੀ ਕਲਾ ਅਤੇ ਦੇਹ ਅਰੋਗਤਾ ਬਖਸ਼ਣ, ਤਾਂ ਜੁ ਹੋਰ ਵਧ ਤੋਂ ਵਧ ਸਮਾਂ ਸੰਗਤਾਂ ਦੀ ਸੇਵਾ ਤੇ ਦਰਸ਼ਨ ਮੇਲੇ ਪ੍ਰਾਪਤ ਹੁੰਦੇ ਰਹਿਣ।

–ਪ੍ਰਾਰਥਕ 'ਸੂਰਾ' ਪ੍ਰਵਾਰ

## ਸੰਗਤਾਂ ਦਾ ਧੰਨਵਾਦ

ਦਾਸਾਂ ਦੀ ਬੇਨਤੀ ਕਰਨ ਤੇ ਦੇਸਾਂ ਪਰਦੇਸਾਂ ਤੋਂ ਗੁਰਸਿਖ ਸੰਗਤਾਂ ਨੇ ਗੁਰੂ ਅਮਰਦਾਸ ਜੀ ਦੀ ਪਿਆਰੀ ਬਾਣੀ ਅਨੰਦ ਸਾਹਿਬ ਦੇ ਪਾਠ ਭਾਰੀ ਗਿਣਤੀ ਵਿਚ ਕਰ ਕੇ ਭੇਜੇ ਹਨ। ਇੰਗਲੈਂਡ ਦੀਆਂ ਸੰਗਤਾਂ ਨੇ ਵੀ ਕਾਫ਼ੀ ਉਤਸ਼ਾਹ ਨਾਲ ਪਾਠਾਂ ਵਿਚ ਹਿਸਾ ਪਾਇਆ। ਸਾਊਥਹਾਲ ਗੁਰਦੁਆਰਾ ਸਾਹਿਬ ਵਿਖੇ ਸਤ ਦਿਨ ਲਗਾਤਾਰ ਅਨੰਦ ਸਾਹਿਬ ਦੇ ਅਖੰਡ ਪਾਠ ਜਾਰੀ ਰਹੇ ਅਤੇ ੧੧ ਤਰੀਕ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਪੰਜ ਸੌ ਸਾਲਾ ਜਨਮ ਉਤਸ਼ਵ ਸਮੇਂ ਸਭ ਪਾਠਾਂ ਦੀ ਅਰਦਾਸ ਕੀਤੀ ਗਈ। ਸਾਊਥਹਾਲ ਗੁਰਦੁਆਰਾ ਸਾਹਿਬ ਵਿਖੇ ਹੁਣ ਵੀ ਦਿਨੇ ੧੧ ਘੰਟੇ ਅਨੰਦ ਸਾਹਿਬ ਦੇ ਪਾਠ ਜਾਰੀ ਹਨ। ਇਸ ਸਹਿਯੋਗ ਲਈ ਪਰਬੰਧਕ ਸਮੂਹ ਸੰਗਤਾਂ ਦੇ ਧੰਨਵਾਦੀ ਹਨ ਅਤੇ ਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਹੈ ਕਿ ਯੂ. ਕੇ. ਦੀ ਧਰਤੀ ਵਿਚ ਸਿਖੀ ਦੀ ਪ੍ਰਫੁਲਤਾ ਵਾਸਤੇ ਇਕ ਵਿਸ਼ੇਸ਼ ਵਿਦਿਅਕ ਸੰਸਥਾ ਨੂੰ ਕਾਮਯਾਬੀ ਨਾਲ ਜਾਰੀ ਕਰ ਦੇਣ ਦੀ ਬਖਸ਼ਸ਼ ਕਰਨ।

ਸੰਗਤਾਂ ਦੇ ਦਾਸਰੇ–ਇੰਟਰਨੈਸ਼ਨਲ ਸਿੱਖ ਐਜੂਕੇਸ਼ਨ ਫਾਊਂਡੇਸ਼ਨ, ਲੰਡਨ



www.AKJ.Org

**ਰਿਸ਼ਤੇ ਨਾਤੇ**—ਲੋੜਵੰਦ ਸਜਣ ਚਿੱਠੀ 'ਸੂਰਾ' ਮਾਸਕ ਪਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਨੂੰ ਲਿਖਣ ਅਤੇ ਲਫ਼ਾਫੇ ਦੇ ਬਾਹਰ ਫਾਰਮ ਨੰਬਰ ਜ਼ਰੂਰ ਲਿਖਣ। ਕੇਵਲ ਅੰਮ੍ਰਿਤਧਾਰੀ ਬੱਚਿਆਂ ਲਈ ਹੀ ਚਿੱਠੀ ਪੱਤਰ ਕਰੋ।

ਫਾਰਮ ਨੰ: ੮੪—ਇਕ ੨੩ ਸਾਲਾ ਅੰਮ੍ਰਿਤਧਾਰੀ ਬੀਬੀ ਕਦ ਸਾਢੇ ਪੰਜ ਫੁਟ, ਮੈਟ੍ਰਿਕ ਪਾਸ, ਟਾਈਪ ਅਤੇ ਸ਼ਾਰਟਹੈਂਡ ਆਈ. ਟੀ. ਆਈ. ਡਿਪਲੋਮਾ ਹੋਲਡਰ ਲਈ ਜ਼ਿਮੀਨਦਾਰ ਘਰਾਣੇ ਵਿਚੋਂ ਮੁਲਾਜ਼ਮ ਜਾਂ ਦੁਕਾਨਦਾਰ ਵਰ ਦੀ ਲੋੜ ਹੈ।

ਫ਼ਾਰਮ ਨੰ: ੮੫—ਇਕ ੨੪ ਸਾਲਾ ਅੰਮ੍ਰਿਤਧਾਰੀ ਨਿਤਨੇਮਣ ਬਿਬੇਕੀ ਬੀਬੀ, ਕਦ ੫ ਫੁਟ ੪ ਇੰਚ, ਮੈਟ੍ਰਿਕ ਪਾਸ, ਸਿਹਤ ਦਰਮਿਆਨੀ, ਕੀਰਤਨੀ, ਅਖੰਡ ਪਾਠੀ ਲਈ ਅਖੰਡ ਕੀਰਤਨੀ ਜਥੇ ਤੋਂ ਤਿਆਰ ਬਰ ਤਿਆਰ ਬਰਸਰੇ ਰੁਜ਼ਗਾਰ ਵਰ ਦੀ ਲੋੜ ਹੈ।

ਫਾਰਮ ਨੰ: ੮੬—ਇਕ ੨੨ ਸਾਲਾ ਅੰਮ੍ਰਿਤਧਾਰੀ ਕੀਰਤਨੀ ਬੀਬੀ ਬੀ. ਏ. ਪਾਸ, ਕਦ ੫ ਫੁਟ ੨ ਇੰਚ ਲਈ ਘਟੋ ਘਟ ਬੀ. ਏ. ਪਾਸ ਸਰਵਿਸ ਜਾਂ ਕੋਈ ਕਾਰੋਬਾਰੀ ਵਰ ਦੀ ਲੋੜ ਹੈ।

ਫ਼ਾਰਮ ਨੰ: ੮੭—ਇਕ ੨੫ ਸਾਲਾ ਅੰਮ੍ਰਿਤਧਾਰੀ ਬੀਬੀ ਕਦ ੫ ਫੁਟ ੧ ਇੰਚ, ਡਬਲ ਐਮ. ਏ. ਅੰਗਰੇਜ਼ੀ ਪੰਜਾਬੀ ਪਾਸ, ਕਾਲਜ ਵਿਚ ਲੈਕਚਰਾਰ, ਮਾਸਕ ਤਨਖਾਹ ੭੦੦ ਰੁਪਏ ਲਈ—ਪ੍ਰੋਫੈਸਰ, ਇੰਜੀਨੀਅਰ ਜਾਂ ਡਾਕਟਰ ਵਰ ਦੀ ਲੋੜ ਹੈ। ਆਪਣਾ ਕਾਰੋਬਾਰ ਹੋਵੇ ਤਾਂ ਐਮ. ਏ. ਪਾਸ ਜ਼ਰੂਰ ਹੋਵੇ।

ਫ਼ਾਰਮ ਨੰ: ੮੮—ਇਕ ੨੮ ਸਾਲਾ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਸਿੰਘ ਕਦ ਸਾਢੇ ਪੰਜ ਫੁਟ, ਮੈਟ੍ਰਿਕ ਪਾਸ, ਕਪੜੇ ਤੇ ਮੁਨਿਆਰੀ ਦੀਆਂ ਦੋ ਦੁਕਾਨਾਂ ਲਈ ਘਟੋ ਘਟ ਮੈਟ੍ਰਿਕ ਪਾਸ ਰਹਿਤਵਾਨ ਕੇਸਕੀ ਸਹਿਤ, ਘਰੇਲੂ ਕੰਮ ਵਿਚ ਨਿਪੁੰਨ ਸਿੰਘਣੀ ਦੀ ਲੋੜ ਹੈ।

ਫ਼ਾਰਮ ਨੰ: ੮੯—ਇਕ ੩੬ ਸਾਲਾ ਅੰਮ੍ਰਿਤਧਾਰੀ ਕਦ ੫ ਫੁਟ ੪ ਫੁਟ ਅਤੇ ਐਮ. ਐਸ-ਸੀ. (ਗਣਿਤ), ਬੈਂਕ ਮੈਨੇਜਰ, ਤਨਖਾਹ ੧੫੦੦ ਰੁਪਏ, ਯੋਗ ਸਿੰਘਣੀ ਦੀ ਲੋੜ ਹੈ। ਨੀਵੀਂ ਜਾਤ, ਗਰੀਬ ਪਰਵਾਰ ਚੋਂ ਗੁਰਸਿਖ ਪਰਵਾਰ ਨੂੰ ਪਹਿਲ ਦਿਤੀ ਜਾਏਗੀ।

ਫ਼ਾਰਮ ਨੰ ੯੦—ਇਕ ੧੮ ਸਾਲਾ ਅੰਮ੍ਰਿਤਧਾਰੀ ਬੀਬੀ, ਕਦ ੫ ਫੁਟ ੩ ਇੰਚ, ਮਿਡਲ ਪਾਸ, ਪੰਜ ਬਾਣੀ ਨਿਤਨੇਮੀ ਲਈ ਜ਼ਿਮੀਦਾਰ ਪ੍ਰਵਾਰ ਵਿਚੋਂ ਯੋਗ ਵਰ ਦੀ ਲੋੜ ਹੈ।

ਫਾਰਮ ਨੰ: ੭੪—ਦੁਬਾਰਾ ਛਾਪਿਆ ਜਾਂਦਾ ਹੈ ਕਿ ਇਕ ੨੯ ਸਾਲਾ ਅੰਮ੍ਰਿਤਧਾਰੀ ਬੀਬੀ—M.Sc. ਫਸਟ ਕਲਾਸ—ਆਪਣੀ ਫ਼ੈਕਟਰੀ ਚਲਾ ਰਹੀ ਹੈ, ਲਈ ਅਛੇ ਪੜ੍ਹੇ ਲਿਖੇ ਅੰਮ੍ਰਿਤਧਾਰੀ ਵਰ ਦੀ ਲੋੜ ਹੈ। ਬੀਬੀ ਕੇਸਕੀ ਸਜਾਉਂਦੀ ਹੈ।

---

## ਭਿੰਡਰਾਂ ਵਿਖੇ ਰੈਣ ਸਬਾਈ ਕੀਰਤਨ

ਗਿਆਨੀ ਮੇਵਾ ਸਿੰਘ ਜੀ ਭਿੰਡਰਾਂ ਸੰਸਥਾ ਵਾਲੇ ਬੇਨਤੀ ਕਰਦੇ ਹਨ ਕਿ ੨੮ ਜੂਨ ਦੀ ਰਾਤ ਨੂੰ ਭਿੰਡਰਾਂ ਵਿਖੇ, ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਦੀ ਮਿਠੀ ਯਾਦ ਵਿਚ ਰੈਣ ਸਬਾਈ ਕੀਰਤਨ ਹੋ ਰਹੇ ਹਨ, ਜਿਸ ਵਿਚ ਅਖੰਡ ਕੀਰਤਨੀ ਜਥੇ ਦੇ ਉਘੇ ਕੀਰਤਨੀਏ ਹਾਜ਼ਰੀਆਂ ਭਰ ਰਹੇ ਹਨ। ਸਮੂਹ ਸੰਗਤਾਂ ਹੁਮ-ਹੁਮਾ ਕੇ ਪੁਜਣ ਅਤੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਭਿੰਡਰਾਂ ਲਈ ਬਸਾਂ ਮੋਗਾ ਬਸ, ਸਟੈਂਡ ਤੋਂ ਹਰ ਵਕਤ ਮਿਲਦੀਆਂ ਹਨ।

 www.AKJ.Org

# ਅਖੰਡ ਕੀਰਤਨੀ ਜਥਾ–ਹਿਸਾਬ ਕਿਤਾਬ

## ਸ਼ਹੀਦੀ ਫੰਡ–

ਆਮਦਨ

| | |
|---|---|
| ਬੀਬੀ ਨਿਰਮਲ ਕੌਰ ਜੀ ਕਲਕਤਾ | ੧੦੦-੦ |
| ਬੀਬੀ ਦਲੀਪ ਕੌਰ ਟੀਚਰ ਓਢਪੁਰ | ੨੧-੦ |
| ਸੰਗਤ ਡਬਈ ਵਲੋਂ ਸੇਵਾ C/o ਭਾਈ ਗੁਲਜ਼ਾਰ ਸਿੰਘ ਜੀ ਦਿਆਲਪੁਰ ਰਾਹੀਂ ਬੀਬੀ ਹਰਸ਼ਰਨ ਕੌਰ ਜੀ | ੫੨੫-੦ |
| ਸੰਗਤ ਲਮਿੰਗਟਨ ਅਤੇ ਵਾਰਕ ਯੂ. ਕੇ. C/o ਸ. ਸ. ਸਹੋਤਾ ਲਮਿੰਗਟਨ | ੨੧੬੯-੬੫ |
| ਭਾਈ ਜੋਗਾ ਸਿੰਘ ਜੀ ਅੰਮ੍ਰਿਤਸਰ | ੧੦੦-੦ |
| ਬੈਂਕ ਤੋਂ ਇਕ ਰਕਮ ਦਾ ਵਾਧੂ ਸੂਦ | ੫੯-੩੮ |
| ਭਾਈ ਰਤਨ ਸਿੰਘ ਜੀ ਚੈਥਮ ਯੂ. ਕੇ. ਤੋਂ ਸ੍ਰੀ ਅਖੰਡ ਪਾਠ ਸਮੇਂ ਪੋਤਰੇ ਦੀ ਖੁਸ਼ੀ'ਚ | ੧੬੯੨-੭੬ |
| ਅਖੰਡ ਕੀਰਤਨੀ ਜਥਾ ਆਗਰਾ | ੭੬੫-੦ |
| ਅਖੰਡ ਕੀਰਤਨੀ ਜਥਾ ਭੁਪਾਲ | ੧੨੫-੦ |
| ਪ੍ਰੋ: ਗਿਆਨ ਸਿੰਘ ਜੀ, ਜਲੰਧਰ | ੨੦-੦ |
| ਸ: ਅਜੀਤ ਸਿੰਘ ਜੀ ਕੈਰੋਂ | ੧੦-੦ |
| ਸ: ਸੁਖਪਾਲ ਸਿੰਘ ਗੀ ਹਰਟਨ ਯੂ. ਕੇ. | ੬੭-੬੦ |
| ਜੋੜ | ੫੬੫੫-੩੯ |

ਕੈਸ਼ ਹੋਣ ਵਾਲੇ ਚੈਕ ਆਦਿ–
੩੧ ਡਾਲਰ, ੫੦ ਡਾਲਰ, ੧੫ ਡਾਲਰ, ੧੦੧ ਰੁਪਏ, ੧੦੦ ਰੁਪਏ,

| | |
|---|---|
| ਖਰਚ–ਮੁਕੱਦਮੇ ਦੀ ਪੈਰਵੀ ਲਈ | ੧੦੦੦-੦ |
| ਅਖਬਾਰਾਂ | ੨੨-੦ |
| ਡਾਕ ਖਰਚ | ੧੩-੮੦ |
| ਜੋੜ | ੧੦੩੫-੮੦ |

## ਕੇਂਦਰੀ ਫੰਡ–

ਆਮਦਨ

| | |
|---|---|
| ਗਿ: ਭਗਵਾਨ ਸਿੰਘ ਜੀ ਰਾਹੀਂ ਪੁਤਲੀਘਰ ਅੰਮ੍ਰਿਤਸਰ ਦੇ ਸਿੰਘਾਂ ਵਲੋਂ | ੧੨੫-੦ |
| ਅਖੰਡ ਕੀਰਤਨੀ ਜਥਾ ਫੀਰੋਜ਼ਪੁਰ | ੧੫੦-੦ |
| ਭਗਤ ਹਰਸ਼ਰਨ ਸਿੰਘ ਜੀ ਤਲਵਾੜਾ | ੨੦-੦ |
| ਸ: ਤ੍ਰਿਲੋਚਨ ਸਿੰਘ ਜੀ ਪਾਨੀਪਤ | ੪੭੫-੦ |
| ਅਖੰਡ ਕੀਰਤਨੀ ਜਥਾ ਕਲਕਤਾ ਰਾਹੀਂ ਭਾ:ਅਮਰਜੀਤ ਸਿੰਘ ਡਰਾਫ਼ਟਮੈਨ | ੧੩੦੦-੦ |
| ਜੋੜ | ੨੦੭੦-੦ |
| ਪਿਛਲੀ ਬਾਕੀ | ੧੩੦੩-੨੪ |
| | ੩੩੭੩-੨੪ |
| ਡਾਕ ਖਰਚ | ੩੨-੮੫ |
| ਬਾਕੀ | ੩੩੪੦-੩੯ |

ਦਾਸਰਾ–ਰਾਮ ਸਿੰਘ (ਜਥੇਦਾਰ)

ਮਿਤੀ ੨੫.੫.੭੯ ਅਖੰਡ ਕੀਰਤਨੀ ਜਥਾ ਕੇਂਦਰੀ ਦਫਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

# ਮੁਲਾਂਪੁਰ (ਲੁਧਿਆਣਾ) ਵਿਖੇ ਰੈਣ ਸਬਾਈ ਕੀਰਤਨ

ਗਿਆਨੀ ਨਾਹਰ ਸਿੰਘ ਜੀ ਬੇਨਤੀ ਕਰਦੇ ਹਨ ਕਿ ਉਹਨਾਂ ਦੇ ਗ੍ਰਿਹ ਪੁਰਾਣੀ ਮੰਡੀ ਮੁਲਾਂਪੁਰ ਜ਼ਿਲਾ ਲੁਧਿਆਣਾ ਵਿਖੇ ੨੩ ਜੂਨ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਗੁਰੂ ਕੇ ਲਾਲ ਗੁਰੂ ਕੇ ਢਾਡੀ, ਗੁਰੂ ਕੇ ਕੀਰਤਨੀਏ ਦੂਰੋਂ ਨੇੜਿਓਂ ਪੁਜ ਰ੍ਹਹੇ ਹਨ। ਸਮੂਹ ਖਾਲਸਾ ਜੀ ਦਰਸ਼ਨ ਬਖਸ਼ ਕੇ ਕਿਰਤਾਰਥ ਕਰਨ।

# ਅੰਬਾਲਾ ਛਾਉਣੀ ਵਿਖੇ ਰੈਣ ਸਬਾਈ ਕੀਰਤਨ

ਭਾਈ ਦੁਰਲਭ ਸਿੰਘ ਜੀ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ੨੪੧੬-ਡੀ. ਸੀ. ਰੋਡ, ਅੰਬਾਲਾ ਛਾਉਣੀ ਵਿਖੇ ੨੩ ਜੂਨ ੧੯੭੯ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਗੁਰੂ ਪਿਆਰੀਆਂ ਸੰਗਤਾਂ ਦਰਸਨ ਬਖਸ ਕੇ ਸੇਵਕ ਨੂੰ ਨਿਵਾਜਣ।



www.AKJ.Org

# ਮੇਰਠ ਦੇ ਸਿੰਘਾਂ ਵਿਚ ਭਾਰੀ ਰੋਸ ਤੇ ਗੁਸਾ

ਗੁ: ਸਤਿਸੰਗ ਸਦਰ ਬਜ਼ਾਰ ਮੇਰਠ ਦਾ ਅਜ ਦਾ ਭਾਰੀ ਸਜਿਆ ਦੀਵਾਨ ਕਲਕਤੇ ਵਿਚ :ਗੁ ਬਾਗਮੜੀ ਦੇ ਸਾੜੇ ਜਾਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇ-ਅਦਬੀ ਕਰਨ ਵਾਲਿਆਂ ਤੇ ਲਾਹਨਤ ਭੇਜਦਾ ਹੈ । ਇਹ ਮਹਾਨ ਨਿੰਦਨੀਯ ਕਰਮ ਬੰਗਾਲ ਸ੍ਰਕਾਰ ਤੇ ਉਥੋਂ ਦੀ ਜਨਤਾ ਦੇ ਮਥੇ ਤੇ ਕਲੰਕ ਦਾ ਟਿਕਾ ਹੈ, ਜਿਸਦਾ ਉਨ੍ਹਾਂ ਨੂੰ ਪ੍ਰਾਸਚਿਤ ਕਰਨਾਚਾਹੀਦਾ ਹੈ,ਖਾਸਕਰ ਇਸ ਲਈ ਭੀ ਕਿ ਦਸ ਸਾਲ ਪਹਿਲਾਂ ਭੀ ਇਸੇ ਗੁਰਦਵਾਰੇ ਇਹੋ ਜਹੀ ਘਟਨਾ ਵਾਪਰੀ ਸੀ।

ਇਹ ਦੀਵਾਨ ਪ੍ਰਾਂਤੀਯ ਹਕੂਮਤ ਪਾਸੋਂ ਜ਼ੋਰਦਾਰ ਅਖਰਾਂ ਵਿਚ ਮੰਗ ਕਰਦਾ ਹੈ ਜੋ ਦੋਸ਼ੀਆਂ ਨੂੰ ਕਰੜੀ ਸਜ਼ਾ ਦੇ ਕੇ ਸਿਖ ਜਗਤ ਦੇ ਅਤੀ ਦੁਖੀ ਤੇ ਜ਼ਖਮੀ ਹਿਰਦਿਆਂ ਨੂੰ ਸ਼ਾਂਤ ਕੀਤਾ ਜਾਵੇ । ਜੇਕਰ ਸਰਕਾਰ ਨੇ ਇਸ ਸ਼ਰਾਰਤ ਦੀ ਰੋਕ ਥਾਮ ਨਾ ਕੀਤੀ ਤਾਂ ਇਸ ਦੇ ਭਿਆਨਕ ਨਤੀਜੇ ਨਿਕਲਣਗੇ, ਜਿਸ ਦੀ ਸਾਰੀ ਜ਼ਿਮੇਵਾਰੀ ਚੀਫ ਮਨਿਸਟਰ ਸ੍ਰੀ ਬਾਸੂ ਤੇ ਉਨ੍ਹਾਂ ਦੀ ਸ੍ਰਕਾਰ ਦੀ ਹੋਵੇਗੀ ।

ਹਰਦਿਤ ਸਿੰਘ, ਸਕੱਤਰ, ਗੁ: ਸਤਿਸੰਗ ਸਦਰ, ਮੇਰਠ

---

# ਗੁਰਦਵਾਰਾ ਰਾਮਪੁਰ ਖੇੜਾ ਵਿਖੇ ਨਾਮ ਅਭਿਆਸ ਕਮਾਈ ਸਮਾਗਮ

ਪਿਛਲੇ ਸਾਲਾਂ ਵਾਂਗ ਗੁਰਦਵਾਰਾ ਸਾਹਿਬ ਵਿਖੇ ੮ ਤੋਂ ੧੬ ਜੁਲਾਈ ੧੯੭੯ ਤਕ ਪ੍ਰੋਗਰਾਮ ਹੋ ਰਹੇ ਹਨ। ਇਹ ਪ੍ਰੋਗਰਾਮ ਸਵੇਰੇ ੨ ਵਜੇ ਸਾਵਧਾਨ ਹੋ ਕੇ ਇਸ਼ਨਾਨ ਤੇ ਨਿਤਨੇਮ ਤੋਂ ਅਰੰਭ ਹੋ ਕੇ ਗੁਰੂ ਮਹਾਰਾਜ ਦੇ ਪ੍ਰਕਾਸ਼ ਉਪ੍ਰੰਤ ਨਾਮ ਅਭਿਆਸ, ਕੀਰਤਨ,ਕਥਾ, ਅਲਪ ਅਹਾਰ ਤੇ ਅਰਾਮ ਤੋਂ ਬਾਅਦ ਫਿਰ ਨਾਮ ਅਭਿਆਸ, ਕਥਾ, ਕੀਰਤਨ, ਸੋਦਰ ਆਰਤੀ ਤੇ ਸੁਖ ਆਸਨ ਰਾਤ ਸਾਢੇ ਨੌਂ ਵਜੇ ਤਕ ਹੁੰਦੇ ਰਹਿਣਗੇ ।

ਨੋਟ :-(੧) ਇਕਾਂਤ ਭੰਗ ਕਰਨ ਵਾਲੇ ਬੱਚਿਆਂ ਨੂੰ ਨਾ ਲਿਆਂਦਾ ਜਾਵੇ । (੨) ਅੰਮ੍ਰਿਤ ਸੰਚਾਰ ੧੫ ਜੁਲਾਈ ਐਤਵਾਰ ਨੂੰ ਹੋਵੇਗਾ । (੩) ਗੁ: ਰਾਮਪੁਰ ਖੇੜਾ ਦਸੂਹਾ-ਹੁਸ਼ਿਆਰਪੁਰ ਰੋਡ ਤੇ ਹੈ । (੪) ਲੋੜ ਅਨੁਸਾਰ ਬਿਸਤਰੇ ਲਈ ਆਉਣੇ ਜੀ।

ਦਾਸਨ-ਦਾਸ ਹਰਨਾਮ ਸਿੰਘ (ਬਾਬਾ), ਗੁ: ਰਾਮਪੁਰ ਖੇੜਾ,ਡਾ: ਗੜ੍ਹਦੀਵਾਲਾ ਜ਼ਿਲਾ ਹੁਸ਼ਿਆਰਪੁਰ

---

# ਪਿੰਡ ਬੁੱਡੇਵਾਲ (ਲੁਧਿਆਣਾ) ਵਿਖੇ ਮਾਸਕ ਰੈਣ ਸਬਾਈ

ਭਾਈ ਸੰਤੋਖ ਸਿੰਘ ਜੀ ਦੇ ਗ੍ਰਿਹਿ ਪਿੰਡ ਬੁੱਡੇਵਾਲ ਨੇੜੇ ਜੰਡਾਲੀ ਕੁਆੜਾ ਵਿਖੇ 9 ਜੂਨ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਆਇ ਦੀਦਾਰ ਬਖਸ਼ੋ ਤੇ ਲਾਹੇ ਪ੍ਰਾਪਤ ਕਰੋ ।

ਨੋਟ.-ਪਿੰਡ ਬੁਡੇਵਾਲ ਨੂੰ ਜਾਣ ਲਈ ਲੁਧਿਆਣਾ, ਸਮਰਾਲਾ ਰੋਡ ਦੇ ਬਸ ਅੱਡਾ ਜੰਡਾਲੀ ਕੁਆੜਾ ਉਤਰੋ।

ਪੁੱਛ ਗਿੱਛ :-ਉਜਾਗਰ ਸਿੰਘ 'ਖਾਲਸਾ' ਫਰਵਾਲੀ, ਡਾ: ਲੋਹਟਬਦੀ (ਸੰਗਰੂਰ)

---

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | | |
|---|---|---|---|---|
| ਜੇਲ੍ਹ ਚਿਠੀਆਂ | (ਨਵੇਂ ਰੂਪ ਵਿਚ) | ੧੨-੫੦ | ਅਣਡਿਠੀ ਦੁਨੀਆ ੬-੨੫ ਰੰਗਲੇ ਸਜਣ | ੪-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | (,,) | ੫-੫੦ | ਗੁਰਮਤਿ ਬਿਬੇਕ ੭-੫੦ ਗੁਰਮਤਿ ਮੱਚ ਨਿਰਣੇ | ੬-੦੦ |
| ਗੁਰਮਤਿ ਵਿਚਾਰ | (,,) | ੫-੫੦ | ਝਟਕਾ ਮਾਸ ਪ੍ਰਥਾਇ ਨਿਰਣੈ | ੩-੦੦ |
| ਗੁਰਮਤਿ ਲੇਖ | (,,) | ੫-੫੦ | ਗੁਰਮਤਿ ਅਨਹਦ ਸ਼ਬਦ | ੦-੨੫ |
| ਗੁਰਮਤਿ ਪ੍ਰਕਾਸ਼ | (,,) | ੩-੭੫ | ਉਮਰ ਕੈਦੀ ਦਾ ਸੁਪਨਾ | ੦-੪੦ |
| ਸਬਦੁ ਗੁਰ ਪੀਰਾ | | ੦-੪੦ | ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੩੫ |
| ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | | ੦-੨੫ | ਤਿਮਰ ਅਗਿਆਨ ਤੋਂ ਚਾਨਣਾ | ੦-੨੫ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | | ੦-੪੦ | ਅੰਮ੍ਰਿਤ ਕੀ ਹੈ — — ਅੰਮ੍ਰਿਤ ਕਲਾ | ੦-੫੦ |
| ਗੁਰਬਾਣੀ ਦੀ ਪਾਰਸ-ਕਲਾ | | ੦-੪੦ | ਸਿੰਘਾਂ ਦਾ ਪਥ ਨਿਰਾਲਾ | ੦-੫੦ |
| ਚਰਨ ਕਮਲ ਕੀ ਮਉਜ | | ੦-੭੫ | ਸੰਚੀਆਂ ਦਾੜ੍ਹੀਆਂ ੦-੩੦ ਵਾਹਿਗੁਰੂ ਸਿਮਰਨ | ੦-੩੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | | ੦-੩੦ | ਬਾਬਾ ਵੈਦ ਰੋਗੀਆਂ ਦਾ | ੦-੩੦ |
| ਜੀਵਨ ਚਰਿਤਰ ਭਾ: ਸਾਹਿਬ ਰਣਧੀਰ ਸਿੰਘ ਜੀ | | ੧-੦੦ | ਸਚਖੰਡ ਦਰਸ਼ਨ ੧-੫੦ ਗੁਰਮਤਿ ਰਮਜ਼ਾਂ | ੧-੩੦ |

www.AKJ.Org

# ਅਖੰਡ ਕੀਰਤਨੀ ਜਥਾ ਚਲਦਾ ਵਹੀਰ ਵਲੋਂ ਗੁਰਮਤਿ ਪ੍ਰਚਾਰ ਤੇ ਅੰਮ੍ਰਿਤ ਸਿੰਚਾਰ

## ਜੂਨ ਦੇ ਪ੍ਰੋਗਰਾਮ

ਜ਼ਿਲਾ ਗੁਰਦਾਸਪੁਰ ਤੇ ਜੰਮੂ ਰਿਆਸਤ —੧-੨ ਜੂਨ ਪਿੰਡ ਘੋੜੇਵਾਂ ਅਖੰਡਪਾਠ ਤੇ ਰੈਣ ਸਬਾਈ ਅਤੇ ੩ ਸਮਾਪਤੀ, ੪ ਤੋਂ ੬ ਗਜ਼ਨੀਪੁਰ (ਸ਼ਹੀਦ ਫ਼ੌਜਾ ਸਿੰਘ ਜੀ ਦੇ ਗ੍ਰਿਹ) ਅਖੰਡਪਾਠ ਤੇ ਕੀਰਤਨ ਦੁਪਹਿਰ ਤਕ, ੭ ਤੋਂ ੧੩ ਜੰਮੂ ਸਾਲਾਨਾ ਸੈਂਟਰਲ ਸਮਾਗਮ, ੧੪ ਵਾਪਸੀ ਗੁਰਦਾਸਪੁਰ, ੧੫ ਕਾਣੇ ਗਿੱਲ (ਅਲੀਵਾਲ ਨੇੜੇ), ੧੬ ਗੁਜਰਪੁਰਾ (ਅਲੀਵਾਲ ਲਾਗੇ) ਰੈਣ ਸਬਾਈ ਅਤੇ ਅੰਮ੍ਰਿਤ ਸਿੰਚਾਰ, ੧੮ ਗੁ: ਸਿੰਘ ਸਭਾ ਗੁਰਦਾਸਪੁਰ, ੧੯ ਗੁਰਦੁਆਰਾ ਸੰਤ ਨਗਰ ਗੁਰਦਾਸ ਪੁਰ, ੨੦ ਨਰਪੁਤ (ਵਰਜੋਲੇ ਲਾਗੇ) ਹਰਦੋਛਨੀ ਰੋਡ। ਜ਼ਿਲਾ ਅੰਮ੍ਰਿਤਸਰ —੨੧ ਜੂਨ ਗੁ: ਸੰਗਰਾਣਾ ਸਾਹਿਬ ਪਾ: ੬, ੨੨ ਗੁ: ਛੇਹਰਟਾ ਸਾਹਿਬ ਪਾ: ੬, ੨੩ ਸ਼ਹੀਦਾਂ ਦਾ ਅਸਥਾਨ (ਗੁ: ਸ੍ਰੀ ਰਾਮਸਰ ਦੇ ਸਾਹਮਣੇ) ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ। ਜ਼ਿਲਾ ਬਠਿੰਡਾ —੨੫ ਜੂਨ ਬਠਿੰਡਾ ਗੁ: ਸਿੰਘ ਸਭਾ, ੨੬ ਗੁਰਦਵਾਰਾ ਥਰਮਲ ਪਲਾਂਟ ਬਠਿੰਡਾ, ੨੭ ਪੂਲਾ (ਜਥੇਦਾਰ ਜਗੀਰ ਸਿੰਘ ਜੀ), ੨੮ ਸਿਵੀਆਂ, ੨੯ ਗੁਨਿਆਨਾ ਮੰਡੀ (ਗੁ: ਭਾਈ ਜਗਤਾ ਜੀ), ੩੦ ਗੁਰਦੁਆਰਾ ਜੈਤੋ।

ਨੋਟ :—(੧) ਬਠਿੰਡੇ ਤੇ ਮੁਕਤਸਰ ਦੇ ਬਾਕੀ ਪ੍ਰੋਗਰਾਮ ਜੁਲਾਈ ਮਹੀਨੇ ਦੇ ਇਸ਼ਤਿਹਾਰਾਂ ਵਿਚ ਛਪਣਗੇ। (੨) ਪਿੰਡਾਂ ਵਿਚ ਸ਼ਾਮ ੭ ਤੋਂ ੧੦ ਅਤੇ ਸਵੇਰੇ ੫ ਤੋਂ ੮ ਤਕ ਪ੍ਰੋਗਰਾਮ ਹੋਣਗੇ। ਜਥਾ ਸ਼ਾਮ ਨੂੰ ਪਿੰਡ ਪੁਜੇਗਾ ਅਤੇ ਗੁਰਦਵਾਰਾ ਸਾਹਿਬ ਵਿਖੇ ਪਈਆਂ ਬੀੜਾਂ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਲਈ ਯੋਗ ਪਰਬੰਧ ਕਰੇਗਾ।

ਪੁੱਛ ਗਿੱਛ (੧) ਮਾ: ਨਿਰੰਜਨ ਸਿੰਘ, ਮੇਹਰਚੰਦ ਰੋਡ, ਗੁਰਦਾਸਪੁਰ। (੨) ਮਾ: ਜਸਵੰਤ ਸਿੰਘ, ੫੪੨-ਈਸਟ ਮੋਹਨ ਨਗਰ, ਅੰਮ੍ਰਿਤਸਰ। (੩) ਮੈਸਰਜ਼ ਅਜੀਤ ਸਿੰਘ ਐਂਡ ਸਨਜ਼ ਕਲਾਥ ਮਰਚੈਂਟਸ, ਪੁਰਾਣਾ ਸੱਟਾ ਬਜ਼ਾਰ, ਬਠਿੰਡਾ।

ਦਾਸਰੇ—ਅਖੰਡ ਕੀਰਤਨੀ ਜਥਾ ਅੰਮ੍ਰਿਤਸਰ—ਗੁਰਦਾਸ ਪੁਰ

---

# ਅਖੰਡ ਕੀਰਤਨੀ ਜਥਾ ਚਲਦਾ ਵਹੀਰ ਵਲੋਂ ਗੁਰਮਤਿ ਪ੍ਰਚਾਰ ਤੇ ਅੰਮ੍ਰਿਤ-ਸਿੰਚਾਰ

## ਰੋਜ਼ਾਨਾ ਰਾਤ ੮ ਤੋਂ ੧੧ ਤਕ ਇਲਾਕਾ ਭੋਗਪੁਰ ਦੇ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ

ਜੂਨ ੧ ਇਟਾ ਬੱਧੀ, ੨ ਧਮੂਲੀ, ੩ ਬੱਲਾਂ, ੪ ਸੰਧਵਾਂ, ੫ ਕੋਟਲਾ, ੬ ਮੰਨਣ, ੭ ਕੋਜੇ, ੮ ਨੰਗਲ ਫੀਦਾ ਦਰਾਵਾਂ, ੯ ਤੋਂ ੧੨ ਜੰਮੂ ਸਾਲਾਨਾ ਸੈਂਟਰਲ ਸਮਾਗਮ, ੧੩ ਮੰਨਣ, ੧੪ ਵੱਡਾ ਸਨੌਰਾ, ੧੫ ਸੰਧਵਾਂ, ੧੬ ਰਾਸਤਗੋ, ੧੭ ਬੱਲਾਂ, ੧੮ ਮਾਧੋਪੁਰ, ੧੯ ਖਰਲ ਕਲਾਂ, ੨੦ ਮੰਨਣ, ੨੧ ਤੋਂ ੨੩ ਪਿੰਡ ਐਮਾ ਕਾਜ਼ੀ, ੨੩ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਐਮਾਂਪੁਰ ਕਾਜ਼ੀ ਲਾਗੇ ਬਾਹੋਪੁਰ। ਪਿੰਡ ਐਮਾ ਕਾਜ਼ੀ ਕਾਲਾ ਬਕਰਾ ਤੋਂ ਮੁਕਤਸਰ ਵਾਲੀ ਸੜਕ ਤੇ ਹੈ। ੨੩ ਸ਼ਾਮ ਨੂੰ ਐਮਾ ਕਾਜ਼ੀ ਲਈ ਟ੍ਰਾਲੀ ਟ੍ਰਕ ਬਸ ਜਲੰਧਰ, ਭੋਗਪੁਰ, ਆਦਮਪੁਰ ਤੇ ਕਰਤਾਰਪੁਰ ਬਸ ਅਡਿਆਂ ਤੋਂ ਚਲਣਗੀਆਂ।

ਪੁੱਛ ਗਿੱਛ —ਸੁਬੇਗ ਸਿੰਘ ਮੰਨਣ, ਇਲਾਕਾ ਭੋਗਪੁਰ ਦੇ ਸੇਵਾਦਾਰ ਅਜੀਤ ਸਿੰਘ ਭੋਗਪੁਰ ਟੈਂਟ ਹਾਊਸ, ਭਾਈ ਪੂਰਨ ਸਿੰਘ ਬਲ, ਮਾ: ਗੁਰਬਚਨ ਸਿੰਘ ਕਰਤਾਰਪੁਰ, ਭਾਈ ਗੁਰਬਖਸ਼ ਸਿੰਘ ਸਰਪੰਚ ਐਮਾ ਕਾਜ਼ੀ।

ਦਾਸਰੇ—ਅਖੰਡ ਕੀਰਤਨੀ ਜਥਾ ਮੰਨਣ (ਜਲੰਧਰ)

---

# ਜਮੂੰ ਵਿਖੇ ਸਾਲਾਨਾ ਸੈਂਟਰਲ ਸਮਾਗਮ

## ੯ ਜੂਨ ਸ਼ਨੀਵਾਰ ਸਵੇਰ ਤੋਂ ੧੨ ਜੂਨ ੧੯੭੯ ਸਵੇਰ ਤਕ ਹੋ ਰਹੇ ਹਨ।

---

ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ

www.AKJ.Org